Punjabi | ਪੰਜਾਬੀ

# ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ ਦੇ ਕੁਨੈਕਸ਼ਨ ਅਤੇ ਸਪਲਾਈ ਬਾਰੇ ਮਿਆਰੀ ਗਾਹਕ ਇਕਰਾਰਨਾਮਾ

**ਤਤਕਰਾ**


**1 ਪੁੱਛਗਿੱਛ ਅਤੇ ਸ਼ਿਕਾਇਤਾਂ** ਪੰਨਾ 2

**2 ਤੁਹਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਕੀ ਹਨ?** ਪੰਨਾ 2

- *ਸਪਲਾਈ ਦੀ ਸ਼ੁਰੂਆਤ*
- *ਸਾਨੂੰ ਤਬਦੀਲੀਆਂ ਬਾਰੇ ਸੂਚਿਤ ਕਰਦੇ ਰਹੋ*
- *ਜੀਵਨ ਸਹਾਇਤਾ ਉਪਕਰਨ*
- *ਵਪਾਰਕ ਰਹਿੰਦ-ਖੂੰਹਦ*
- *ਡਰੇਨਕੇਅਰ (ਡ੍ਰੇਨ ਦੀ ਸਾਂਭ-ਸੰਭਾਲ)*
- *ਨਾ-ਪੀਣਯੋਗ ਪਾਣੀ*
- *ਤੁਹਾਡੇ ਯੰਤਰ*
- *ਫਾਇਰ ਸੇਵਾਵਾਂ ਦੀ ਵਰਤੋਂ*
- *ਮੀਟਰ ਨੂੰ ਬਾਈਪਾਸ ਕਰਨਾ*
- *ਜਾਇਦਾਦ ਨੂੰ ਪ੍ਰਭਾਵਿਤ ਕਰਨ ਵਾਲੀਆਂ ਜ਼ਿੰਮੇਵਾਰੀਆਂ*
- *ਗਾਹਕ ਦੀਆਂ ਹੋਰ ਕਾਨੂੰਨੀ ਜ਼ਿੰਮੇਵਾਰੀਆਂ*

**3 ਕੁਨੈਕਸ਼ਨ ਦੇ ਕੰਮ ਲਈ ਤੁਹਾਡੀ ਪ੍ਰਦਾਤਾ ਦੀ ਚੋਣ** ਪੰਨਾ 5

**4 ਤੁਸੀਂ ਸੇਵਾ ਦੇ ਕਿਹੜੇ ਮਿਆਰ ਦੀ ਉਮੀਦ ਕਰ ਸਕਦੇ ਹੋ?** ਪੰਨਾ 6

- *ਗਾਹਕ ਸੇਵਾ ਦੇ ਮਿਆਰ*
- *ਨਿਰੰਤਰ ਸਪਲਾਈ, ਗੁਣਵੱਤਾ ਅਤੇ ਦਬਾਅ ਦੀ ਗਰੰਟੀ ਨਹੀਂ ਹੈ*
- *ਤੁਹਾਡੀ ਸਪਲਾਈ ਵਿੱਚ ਰੁਕਾਵਟਾਂ ਠੀਕ ਕਰਨਾ*
- *ਯੋਜਨਾਬੱਧ ਰੁਕਾਵਟਾਂ*
- *ਗ਼ੈਰ-ਯੋਜਨਾਬੱਧ ਰੁਕਾਵਟਾਂ*
- *ਸੋਕਾ*

**5 ਤੁਹਾਡੇ ਕੋਲ ਹੋਰ ਕਿਹੜੇ ਅਧਿਕਾਰ ਹਨ?** ਪੰਨਾ 8

- *ਸ਼ਨਾਖਤ ਦਿਖਾਉਣ ਲਈ ਪੁੱਛੋ*
- *ਕੀ ਤੁਹਾਨੂੰ ਆਪਣੇ ਖਾਤੇ ਦਾ ਭੁਗਤਾਨ ਕਰਨ ਵਿੱਚ ਸਮੱਸਿਆ ਆ ਰਹੀ ਹੈ?*
- *ਪਾਣੀ ਅਤੇ ਸੀਵਰੇਜਜ਼ ਦੇ ਬਕਾਇਆ ਖ਼ਰਚੇ*
- *ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹੋ*
- *ਸਾਨੂੰ ਤੁਹਾਡੇ ਨਾਲ ਕਦੋਂ ਸੰਪਰਕ ਕਰਨ ਦੀ ਆਗਿਆ ਹੈ*
- *ਸਾਡੇ ਵੱਲੋਂ ਭੇਜੇ ਗਏ ਨੋਟਿਸ*
- *ਸੇਵਾ ਦੇਣ ਵਿੱਚ ਨਾਕਾਮੀ ਹੋਣ 'ਤੇ ਛੋਟਾਂ*
- *ਪਾਣੀ ਦੀ ਜਾਂਚ*
- *ਸੀਵਰੇਜ਼ ਓਵਰਫਲੋ*
- *ਸਾਡੇ ਨੈੱਟਵਰਕ ਵਿੱਚ ਆਏ ਪਲੰਬਿੰਗ ਨੁਕਸ*
- *ਅਣਪਛਾਤੇ ਲੀਕ*
- *ਸਾਡੇ ਦੁਆਰਾ ਤੁਹਾਡੀ ਜਾਇਦਾਦ 'ਤੇ ਕੀਤਾ ਗਿਆ ਕੰਮ*

– *ਤੁਸੀਂ ਕੁਨੈਕਸ਼ਨ ਬੰਦ ਕਰਨ ਦੀ ਬੇਨਤੀ ਕਰ ਸਕਦੇ ਹੋ*

**6 ਖ਼ਰਚੇ (ਕੀਮਤਾਂ)** ਪੰਨਾ 11

– *ਖ਼ਰਚਿਆਂ ਦੀ ਅਨੁਸੂਚੀ*
– *ਖ਼ਰਚਿਆਂ ਦੀ ਸ਼ੁਰੂਆਤ*
– *ਜਾਇਦਾਦ ਨਾ ਜੁੜੇ ਹੋਣ ਦੇ ਖ਼ਰਚੇ*
– *ਐਕਸਟੈਂਸ਼ਨ ਅਤੇ ਸਾਜ਼-ਸਾਮਾਨ ਦੀ ਲਾਗਤ*
– *ਹੋਰ ਖ਼ਰਚੇ*
– *ਛੋਟਾਂ ਅਤੇ ਰਿਆਇਤਾਂ*
– *ਖਾਤਿਆਂ ਦਾ ਭੁਗਤਾਨ*
– *ਖਾਤਿਆਂ ਵਿੱਚ ਤਰੁੱਟੀਆਂ*
– *ਵਿਵਾਦਿਤ ਖਾਤੇ*
– *ਜੀ.ਐਸ.ਟੀ (GST)*

**7 ਕੀ ਤੁਹਾਨੂੰ ਜ਼ਾਮਨੀ ਦੇ ਤੌਰ 'ਤੇ ਪੇਸ਼ਗੀ ਰਕਮ (ਸਕਿਊਰਿਟੀ ਡਿਪਾਜ਼ਿਟ) ਦੇਣ ਦੀ ਲੋੜ ਹੋ ਸਕਦੀ ਹੈ?** ਪੰਨਾ 14

**8 ਤੁਹਾਡੀ ਪਾਣੀ ਦੀ ਖ਼ਪਤ ਨੂੰ ਮਾਪਣਾ** ਪੰਨਾ 14

– *ਮੀਟਰ ਰੀਡਿੰਗ ਅਤੇ ਨਿਰੀਖਣ ਜਾਂਚ*
– *ਰੀਡਿੰਗਾਂ ਦੀ ਜਾਂਚ ਕਰਨਾ*
– *ਮੀਟਰਾਂ ਨੂੰ ਲਗਾਉਣਾ*
– *ਮੀਟਰਾਂ ਦੀ ਮਲਕੀਅਤ*
– *ਤੁਹਾਡੀ ਪਾਣੀ ਦੀ ਖ਼ਪਤ ਦਾ ਅੰਦਾਜ਼ਾ ਲਗਾਉਣਾ*
– *ਤੁਹਾਡੀ ਬੇਨਤੀ 'ਤੇ ਮੀਟਰਾਂ ਦੀ ਜਾਂਚ ਕਰਨਾ*
– *ਅਸੀਂ ਵੀ ਮੀਟਰ ਦੀ ਜਾਂਚ ਸ਼ੁਰੂ ਕਰ ਸਕਦੇ ਹਾਂ*
– *ਨੁਕਸਦਾਰ ਮੀਟਰ ਜਾਂ ਗਲਤ ਰੀਡਿੰਗ*
– *ਮੀਟਰਾਂ ਦੀ ਸਾਂਭ-ਸੰਭਾਲ ਅਤੇ ਮੁਰਮੰਤ*
– *ਤੁਹਾਡੀ ਮੀਟਰ ਸੰਬੰਧੀ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ*

**9 ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ** ਪੰਨਾ 18

– *ਨਿੱਜਤਾ ਦਾ ਤੁਹਾਡਾ ਅਧਿਕਾਰ*
– *ਕ੍ਰੈਡਿਟ ਏਜੰਸੀਆਂ ਤੋਂ ਜਾਣਕਾਰੀ ਪ੍ਰਾਪਤ ਕਰਨਾ*
– *ਸੰਪਰਕ ਵੇਰਵਿਆਂ ਦੀ ਵਰਤੋਂ*
– *ਹੋਰ ਨਿੱਜੀ ਜਾਣਕਾਰੀ ਦੀ ਵਰਤੋਂ*
– *ਜਾਣਕਾਰੀ ਦਾ ਖੁਲਾਸਾ*

**10 ਤੁਹਾਡੀ ਜਾਇਦਾਦ ਤੱਕ ਸਾਡੀ ਪਹੁੰਚ** ਪੰਨਾ 19

**11 ਸਾਡੇ ਦੁਆਰਾ ਕੁਨੈਕਸ਼ਨ ਕੱਟਣਾ ਅਤੇ ਰੋਕ ਲਗਾਉਣੀ** ਪੰਨਾ 19

**12 ਸਾਡੀ ਦੇਣਦਾਰੀ** ਪੰਨਾ 21

– *ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ ਗਾਰੰਟੀ*
– *ਸਾਡੀ ਦੇਣਦਾਰੀ*
– *ਸਾਡੀ ਦੇਣਦਾਰੀ ਦੀਆਂ ਹੱਦਾਂ*
– *ਆਮ (ਜਨਰਲ)*

**13 ਵਿਵਾਦ ਨਿਪਟਾਰਾ** ਪੰਨਾ 23

**14 ਫੁਟਕਲ** ਪੰਨਾ 23

– *ਇਸ ਇਕਰਾਰਨਾਮੇ ਵਿੱਚ ਤਬਦੀਲੀਆਂ*
– *ਅਸੰਗਤਤਾ (ਫ਼ਰਕ ਰਹਿਣਾ)*
– *ਕੋਈ ਨੁਮਾਇੰਦਗੀ ਜਾਂ ਵਾਰੰਟੀ ਨਹੀਂ*
– *ਸੰਪੂਰਨ ਇਕਰਾਰਨਾਮਾ*
– *ਸਪੁਰਦਗੀ*
– *ਨੋਟਿਸ*
– *ਸਾਂਝਾ ਖਾਤਾ ਧਾਰਕ ਗਾਹਕ*
– *ਸਮਾਪਤੀ*
– *ਕਾਨੂੰਨ ਪਾਲਣਾ*

**ਅਨੁਸੂਚੀ 1** **ਤੁਹਾਡੀ ਜਾਇਦਾਦ ਨੂੰ ਪ੍ਰਭਾਵਿਤ ਕਰਨ ਵਾਲੀਆਂ ਜ਼ਿੰਮੇਵਾਰੀਆਂ** ਪੰਨਾ 25

**ਅਨੁਸੂਚੀ 2** **ਇਸ ਇਕਰਾਰਨਾਮੇ ਵਿੱਚ ਵਰਤੇ ਗਏ ਸ਼ਬਦ ਅਤੇ ਵਾਕਾਂਸ਼** ਪੰਨਾ 28

## ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ ਦੇ ਕੁਨੈਕਸ਼ਨ ਅਤੇ ਸਪਲਾਈ ਬਾਰੇ ਇਕਰਾਰਨਾਮਾ

A ਇਹ ਇਕਰਾਰਨਾਮਾ ਮਿਆਰੀ ਸ਼ਰਤਾਂ ਨਿਰਧਾਰਤ ਕਰਦਾ ਹੈ ਜਿਸ 'ਤੇ *ਆਈਕਨ ਵਾਟਰ* ACT ਵਿੱਚ ਗਾਹਕਾਂ ਨੂੰ *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਪ੍ਰਦਾਨ ਕਰਦਾ ਹੈ। ਸਾਰੇ ACT ਗਾਹਕਾਂ ਨੂੰ ਇਨ੍ਹਾਂ ਸ਼ਰਤਾਂ 'ਤੇ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ, ਸਿਵਾਏ ਉਦੋਂ ਜਦੋਂ ਪੂੰਜੀਗਤ ਯੋਗਦਾਨ ਖ਼ਰਚੇ 'ਤੇ ਨੈੱਟਵਰਕ ਨੂੰ ਵਧਾਉਣ ਦੀ ਲੋੜ ਹੋਵੇਗੀ ਜੋ ਗਾਹਕ ਨੂੰ ਸਵੀਕਾਰ ਨਹੀਂ ਹੈ।

B ਜੇਕਰ ਤੁਸੀਂ:

(a) *ਸੀਵਰੇਜ਼ ਨੈੱਟਵਰਕ* ਵਿੱਚ *ਸਾਧਾਰਨ ਘਰੇਲੂ ਮਾਤਰਾ* ਵਿੱਚ *ਆਮ ਘਰੇਲੂ ਗੰਦੇ ਪਾਣੀ* ਤੋਂ ਇਲਾਵਾ ਹੋਰ ਕੁੱਝ ਵੀ ਛੱਡਣਾ ਚਾਹੁੰਦੇ ਹੋ; ਜਾਂ

(b) *ਨਾ-ਪੀਣਯੋਗ ਪਾਣੀ* ਦੀ ਸਪਲਾਈ ਕੀਤੇ ਜਾਣਾ ਚਾਹੁੰਦੇ ਹੋ,

ਤੁਹਾਨੂੰ ਸਾਡੇ ਨਾਲ ਇੱਕ ਵੱਖਰਾ ਇਕਰਾਰਨਾਮਾ ਕਰਨ ਲਈ ਗੱਲਬਾਤ ਕਰਨ ਦੀ ਲੋੜ ਪਵੇਗੀ। ਇਹ ਇਕਰਾਰਨਾਮਾ ਇਹਨਾਂ ਵਿੱਚੋਂ ਕੋਈ ਵੀ ਗਤੀਵਿਧੀ ਕਰਨ ਦੀ ਆਗਿਆ ਨਹੀਂ ਦਿੰਦਾ ਹੈ।

### *ਆਈਕਨ ਵਾਟਰ ਅਤੇ ActewAGL*

C ACT ਦੇ *ਪਾਣੀ ਦੇ ਨੈੱਟਵਰਕ* ਅਤੇ *ਸੀਵਰੇਜ਼ ਦੇ ਨੈੱਟਵਰਕ* ਦੀ ਮਲਕੀਅਤ *ਆਈਕਨ ਵਾਟਰ* ਦੀ ਹੈ, ਜੋ ਇੱਕ ਟੈਰੀਟਰੀ ਦੀ ਮਲਕੀਅਤ ਵਾਲੀ ਕਾਰਪੋਰੇਸ਼ਨ ਹੈ, ਜੋ ਕਿ ACT ਵਿੱਚ *ਜਲ ਸੇਵਾਵਾਂ* ਅਤੇ *ਸੀਵਰੇਜ਼ ਸੇਵਾਵਾਂ* ਪ੍ਰਦਾਨ ਕਰਨ ਲਈ ਲਾਇਸੈਂਸਸ਼ੁਦਾ ਉਪਯੋਗਤਾ ਹੈ।

D *ਆਈਕਨ ਵਾਟਰ* ਇਸ ਕਾਰੋਬਾਰ ਨੂੰ ਚਲਾਉਣ ਲਈ ਲੋੜੀਂਦੀਆਂ ਕੁੱਝ ਗਾਹਕ ਪ੍ਰਬੰਧਨ ਅਤੇ ਬਿਲਿੰਗ ਸੇਵਾਵਾਂ ਪ੍ਰਦਾਨ ਕਰਨ ਲਈ *ActewAGL ਰਿਟੇਲ* ਨਾਲ ਇਕਰਾਰਨਾਮਾ ਕਰਦਾ ਹੈ। ਭਾਵ, ਕੁੱਝ ਸਥਿਤੀਆਂ ਵਿੱਚ ਇਹ *ActewAGL ਰਿਟੇਲ* ਹੋਵੇਗੀ ਜੋ ਗਾਹਕਾਂ ਨਾਲ ਕੰਮ ਕਰਦੀ ਹੈ।

### *ਇੱਕ ਤੋਂ ਵੱਧ ਜਾਇਦਾਦਾਂ*

E ਜੇਕਰ ਤੁਹਾਡੇ ਕੋਲ ACT ਵਿੱਚ ਬਹੁਤ ਸਾਰੀਆਂ ਜਾਇਦਾਦਾਂ ਹਨ, ਤਾਂ ਇਹ ਇਕਰਾਰਨਾਮਾ ਉਨ੍ਹਾਂ ਜਾਇਦਾਦਾਂ ਵਿੱਚ ਹਰੇਕ 'ਤੇ ਵੱਖਰੇ ਤੌਰ 'ਤੇ ਲਾਗੂ ਹੁੰਦਾ ਹੈ।

### *ਟੇਢੇ ਅੱਖਰਾਂ ਵਿੱਚ ਸ਼ਬਦ*

F ਟੇਢੇ ਅੱਖਰਾਂ (ਇਟਾਲਿਕਸ) ਵਿੱਚ ਦਰਸਾਏ ਗਏ ਸ਼ਬਦਾਂ ਦਾ ਅਰਥ ਅਨੁਸੂਚੀ 2 ਵਿੱਚ ਦਿੱਤਾ ਗਿਆ ਹੈ।

### *ਜਾਬਤਾ (ਕੋਡ)*

G ਇਸ ਇਕਰਾਰਨਾਮੇ ਦੌਰਾਨ ਕਈ ਜਾਬਤਿਆਂ ਦਾ ਹਵਾਲਾ ਦਿੱਤਾ ਗਿਆ ਹੈ। *ਯੁਟੀਲਿਟੀਜ਼ ਐਕਟ 2000* ਦੇ ਤਹਿਤ ਬਣਾਏ ਗਏ ਜਾਬਤਿਆਂ ਲਈ, ਜੇਕਰ ਤੁਸੀਂ ਕਿਸੇ ਜਾਬਤੇ ਦੀ ਕਾਪੀ ਚਾਹੁੰਦੇ ਹੋ ਤਾਂ *ICRC* ਨਾਲ ਸੰਪਰਕ ਕਰੋ ਜਾਂ ਤੁਸੀਂ *ICRC* ਦੀ ਵੈੱਬਸਾਈਟ https://www.icrc.act.gov.au/ 'ਤੇ ਇਸਨੂੰ ਲੱਭ ਸਕਦੇ ਹੋ। *ਯੂਟੀਲਿਟੀਜ਼ (ਟੈਕਨੀਕਲ ਰੈਗੂਲੇਸ਼ਨ)* ਐਕਟ 2014 ਦੇ ਤਹਿਤ ਬਣਾਏ ਗਏ ਜਾਬਤੇ ਇੱਥੇ ਉਪਲਬਧ ਹਨ

http://www.legislation.act.gov.au

# ਸ਼ਰਤਾਂ

## ਪੁੱਛਗਿੱਛ ਅਤੇ ਸ਼ਿਕਾਇਤਾਂ

1.1 (a) *ਪਾਣੀ ਅਤੇ ਸੀਵਰੇਜ਼* ਸੰਬੰਧੀ ਹੇਠ ਲਿਖੀ **ਪੁੱਛਗਿੱਛ** ਨੂੰ 6248 3111 'ਤੇ ਭੇਜਿਆ ਜਾਣਾ ਚਾਹੀਦਾ ਹੈ:

**1. ਨੁਕਸ ਅਤੇ ਐਮਰਜੈਂਸੀ** (24 ਘੰਟੇ ਉਪਲਬਧ ਸੇਵਾ)

**2. ਰਿਟੇਲ ਅਤੇ ਬਿੱਲ ਸੰਬੰਧੀ ਪੁੱਛਗਿੱਛ**

**3. ਤਕਨੀਕੀ ਅਤੇ ਆਮ ਪੁੱਛਗਿੱਛ**

(b) *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਬਾਰੇ **ਸ਼ਿਕਾਇਤਾਂ** 6248 3111 'ਤੇ, talktous@iconwater.com.au 'ਤੇ ਈਮੇਲ ਰਾਹੀਂ ਜਾਂ PO Box 50, Mitchell ACT 2911'ਤੇ ਡਾਕ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ

ਅਸੀਂ ਜਿੰਨੀ ਜਲਦੀ ਸੰਭਵ ਹੋ ਸਕੇ ਕਿਸੇ ਵੀ ਪੁੱਛਗਿੱਛ ਜਾਂ ਸ਼ਿਕਾਇਤ ਦਾ ਨਿਪਟਾਰਾ ਕਰਾਂਗੇ।

## ਤੁਹਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਕੀ ਹਨ?

*ਸੇਵਾਵਾਂ ਦੀ ਸ਼ੁਰੂਆਤ*

2.1 ਜੇਕਰ ਤੁਸੀਂ ਜਾਇਦਾਦ ਦੇ ਕਰਾਊਨ ਪੱਟੇਦਾਰ (ਰਜਿਸਟਰਡ ਮਾਲਕ) ਹੋ, ਤਾਂ ਤੁਹਾਨੂੰ ਸਾਡੇ ਕੋਲ ਅਰਜ਼ੀ ਦੇਣ ਦੀ ਲੋੜ ਨਹੀਂ ਹੈ। ਜਦੋਂ ਤੁਸੀਂ ਜਾਇਦਾਦ ਦਾ ਕਬਜ਼ਾ ਲੈਂਦੇ ਹੋ ਤਾਂ ਸਾਨੂੰ ਰਜਿਸਟਰਾਰ-ਜਨਰਲ ਦੇ ਦਫ਼ਤਰ ਦੁਆਰਾ ਤੁਹਾਡੇ ਵੇਰਵਿਆਂ ਬਾਰੇ ਸੂਚਿਤ ਕੀਤਾ ਜਾਵੇਗਾ। ਜੇਕਰ ਤੁਸੀਂ ਅਣਲੀਜ਼ਡ (ਅਣ-ਰਜਿਸਟਰਡ) ਜ਼ਮੀਨ ਵਾਲੀ ਜਾਇਦਾਦ ਦੇ ਮਾਲਕ ਹੋ, ਤਾਂ ਤੁਹਾਨੂੰ ਜਾਇਦਾਦ ਤੁਹਾਡੇ ਨਾਮ 'ਤੇ ਤਬਾਦਲਾ ਕੀਤੇ ਜਾਣ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋਵੇ ਆਪਣੇ ਵੇਰਵਿਆਂ ਬਾਰੇ ਸਾਨੂੰ ਸੂਚਿਤ ਕਰਨਾ ਲਾਜ਼ਮੀ ਹੈ।

2.2 ਜੇਕਰ ਅਸੀਂ ਤੁਹਾਨੂੰ ਪੁੱਛਦੇ ਹਾਂ, ਤਾਂ ਤੁਹਾਨੂੰ ਤੁਰੰਤ ਲਾਜ਼ਮੀ ਤੌਰ 'ਤੇ ਇਹ ਪ੍ਰਦਾਨ ਕਰਨਾ ਚਾਹੀਦਾ ਹੈ:

(a) ਤੁਹਾਡੇ ਜਾਂ ਤੁਹਾਦੀ ਜਾਇਦਾਦ ਬਾਰੇ ਕੋਈ ਵਾਧੂ ਵੇਰਵੇ ਜੋ ਤੁਹਾਨੂੰ *ਪਾਣੀ ਦੀਆਂ ਸੇਵਾਵਾਂ*ਅਤੇ *ਸੀਵਰੇਜ਼ ਸੇਵਾਵਾਂ*ਪ੍ਰਦਾਨ ਕਰਨ ਲਈ ਸਾਨੂੰ ਵਾਜਬ ਤੌਰ 'ਤੇ ਲੋੜੀਂਦੇ ਹਨ। ਤੁਸੀਂ ਉਹ ਵੇਰਵੇ ਲਿਖਤੀ ਰੂਪ ਵਿੱਚ, ਫ਼ੋਨ ਰਾਹੀਂ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਪ੍ਰਦਾਨ ਕਰ ਸਕਦੇ ਹੋ; ਅਤੇ

(b) ਖ਼ਪਤਕਾਰ ਸੁਰੱਖਿਆ ਕੋਡ ਵਿੱਚ ਜ਼ਿਕਰ ਕੀਤੀਆਂ ਹੋਰ ਚੀਜ਼ਾਂ ਵਿੱਚੋਂ ਕੋਈ ਵੀ, ਉਦਾਹਰਨ ਲਈ, ਸ਼ਨਾਖਤ ਦਾ ਸਬੂਤ।

2.3 ਅਸੀਂ ਤੁਹਾਨੂੰ ਸਿਰਫ਼ ਤਾਂ ਹੀ ਸਪਲਾਈ ਦੇ ਸਕਦੇ ਹਾਂ ਜੇਕਰ ਤੁਹਾਡੇ ਕੋਲ ਤੁਹਾਡੀ ਜਾਇਦਾਦ ਅਤੇ *ਵਾਟਰ ਨੈੱਟਵਰਕ* ਅਤੇ *ਸੀਵਰੇਜ਼ ਨੈੱਟਵਰਕ* ਵਿਚਕਾਰ ਸਹੀ ਕੰਮ ਕਰਦੇ ਕੁਨੈਕਸ਼ਨ ਹਨ।

ਕੁਨੈਕਸ਼ਨ ਲਗਾਉਣ ਦੇ ਕੰਮ ਲਈ ਤੁਹਾਡੀ ਪ੍ਰਦਾਤਾ ਚੋਣ ਬਾਰੇ ਵਿਆਖਿਆ 3 ਵਿੱਚ ਕੀਤੀ ਗਈ ਹੈ।

*ਸਾਨੂੰ ਤਬਦੀਲੀਆਂ ਬਾਰੇ ਸੂਚਿਤ ਕਰਦੇ ਰਹੋ*

2.4 ਜੇਕਰ ਇਨ੍ਹਾਂ ਵਿੱਚ ਕੋਈ ਤਬਦੀਲੀ ਹੁੰਦੀ ਹੈ ਤਾਂ ਤੁਹਾਨੂੰ ਸਾਨੂੰ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ:

(a) ਤੁਹਾਡੇ ਸੰਪਰਕ ਵੇਰਵਿਆਂ ਵਿੱਚ;

(b) ਕਾਰੋਬਾਰੀ ਇਕਾਈ ਦੇ ਮਾਮਲੇ ਵਿੱਚ, ਇਕਰਾਰਨਾਮੇ ਵਿੱਚ ਨਾਮਜ਼ਦ ਨੁਮਾਇੰਦੇ ਦੇ ਸੰਪਰਕ ਵੇਰਵੇ;

(c) ਮੀਟਰ ਤੱਕ ਪਹੁੰਚ; ਜਾਂ

(d) ਤੁਹਾਡੀਆਂ ਪਾਣੀ ਜਾਂ ਸੀਵਰੇਜ਼ ਦੀਆਂ ਪਾਈਪਾਂ ਜਾਂ ਯੰਤਰ ਜੋ ਸਾਡੀਆਂ ਸੇਵਾਵਾਂ ਦੀ ਗੁਣਵੱਤਾ ਜਾਂ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਜੇਕਰ *ਖ਼ਰਚਿਆ ਦੀ ਅਨੁਸੂਚੀ* ਵਿੱਚ ਤੁਹਾਡੀ ਜਾਇਦਾਦ ਵਿਚਲੇ *ਫਲੱਸ਼ਿੰਗ ਫਿਕਸਚਰਾਂ (ਫਲੱਸ਼ ਵਾਲੇ ਯੰਤਰਾਂ)* ਲਈ ਖ਼ਰਚਾ ਸ਼ਾਮਲ ਹੈ, ਤਾਂ ਤੁਹਾਨੂੰ ਕੋਈ ਵੀ ਨੋਟਿਸ ਪ੍ਰਾਪਤ ਹੋਣ ਦੇ 20 ਕਾਰੋਬਾਰੀ ਦਿਨਾਂ ਦੇ ਅੰਦਰ-ਅੰਦਰ ਤੁਹਾਡੀ ਜਾਇਦਾਦ ਵਿਚਲੇ *ਫਲੱਸ਼ਿੰਗ ਫਿਕਸਚਰਾਂ* ਦੀ ਸੰਖਿਆ ਵਿੱਚ ਆਈ ਕਿਸੇ ਵੀ ਤਬਦੀਲੀ ਬਾਰੇ ਸਾਨੂੰ ਸੂਚਿਤ ਕਰਨਾ ਚਾਹੀਦਾ ਹੈ।

*ਜੀਵਨ ਸਹਾਇਤਾ ਉਪਕਰਨ*

2.5 ਜੇਕਰ ਜਾਇਦਾਦ 'ਤੇ ਰਹਿਣ ਵਾਲਾ ਕੋਈ ਵੀ ਵਿਅਕਤੀ ਜੀਵਨ ਸਹਾਇਤਾ ਉਪਕਰਨ 'ਤੇ ਨਿਰਭਰ ਕਰਦਾ ਹੈ ਜੋ *ਜਲ ਸੇਵਾਵਾਂ* (ਜਿਵੇਂ ਕਿ ਡਾਇਲਸਿਸ ਮਸ਼ੀਨ) 'ਤੇ ਨਿਰਭਰ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਤਾਂ ਜੋ ਅਸੀਂ ਜਾਇਦਾਦ ਨੂੰ ਰਜਿਸਟਰ ਕਰ ਸਕੀਏ। ਇਹ ਰਜਿਸਟ੍ਰੇਸ਼ਨ ਆਮ ਤੌਰ 'ਤੇ ਤੁਹਾਨੂੰ ਪਾਣੀ ਦੀ ਸਪਲਾਈ ਕਰਨ ਵਿੱਚ ਆਉਣ ਵਾਲੀਆਂ ਯੋਜਨਾਬੱਧ ਰੁਕਾਵਟਾਂ ਲਈ ਲੰਬੇ ਸਮੇਂ ਲਈ ਨੋਟਿਸ ਲੈਣ ਦਾ ਹੱਕਦਾਰ ਬਣਾਉਂਦੀ ਹੈ ਅਤੇ ਸਾਨੂੰ 4. ਅਤੇ 11.1 ਵਿੱਚ ਦੱਸੇ ਅਨੁਸਾਰ ਤੁਹਾਡੀ ਜਾਇਦਾਦ 'ਤੇ ਪਾਣੀ ਦਾ ਕੁਨੈਕਸ਼ਨ ਕੱਟੇ ਜਾਣ ਤੋਂ ਰੋਕਦੀ ਹੈ।

2.6 ਤੁਸੀਂ ਰਜਿਸਟ੍ਰੇਸ਼ਨ ਲਈ ਅਰਜ਼ੀ ਦੇ ਸਕਦੇ ਹੋ:

(a) ਸਾਨੂੰ ਲਿਖ ਕੇ ਅਤੇ ਤੁਹਾਡੇ ਡਾਕਟਰ ਤੋਂ ਸਰਟੀਫ਼ਿਕੇਟ ਪ੍ਰਦਾਨ ਕਰਕੇ; ਜਾਂ

(b) ਤੁਹਾਡੇ ਸਥਾਨਕ ਹਸਪਤਾਲ ਰਾਹੀਂ।

2.7 ਤੁਹਾਨੂੰ ਸਾਨੂੰ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਜੀਵਨ ਸਹਾਇਤਾ ਉਪਕਰਨ ਦੀ ਵਰਤੋਂ ਕਰਨ ਵਾਲਾ ਵਿਅਕਤੀ ਇਸ ਜਾਇਦਾਦ ਵਿੱਚ ਰਹਿਣਾ ਬੰਦ ਕਰ ਦਿੰਦਾ ਹੈ, ਜਾਂ ਜੇ ਹੁਣ ਉਹਨਾਂ ਨੂੰ ਉਸ ਉਪਕਰਣ ਦੀ ਲੋੜ ਨਹੀਂ ਹੈ।

*ਵਪਾਰਕ ਰਹਿੰਦ-ਖੂੰਹਦ*

2.8 ਤੁਹਾਨੂੰ ਸਾਡੀ ਪਹਿਲਾਂ ਤੋਂ ਲਿਖਤੀ ਸਹਿਮਤੀ ਲਏ ਤੋਂ ਬਗ਼ੈਰ, *ਸਾਧਾਰਨ ਘਰੇਲੂ ਮਾਤਰਾ ਵਿੱਚ ਆਮ ਘਰੇਲੂ ਗੰਦੇ ਪਾਣੀ* ਤੋਂ ਇਲਾਵਾ ਕਿਸੇ ਵੀ ਹੋਰ ਚੀਜ਼ ਨੂੰ ਸੀਵਰੇਜ਼ ਨੈੱਟਵਰਕ ਵਿੱਚ ਨਹੀਂ ਛੱਡਣਾ ਚਾਹੀਦਾ, ਜਾਂ ਕਿਸੇ ਹੋਰ ਨੂੰ ਵੀ ਅਜਿਹਾ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ। ਇਸ ਨਿਯਮ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣਾ ਲਾਗੂ ਹੁੰਦੇ ਕਾਨੂੰਨਾਂ ਦੇ ਅਧੀਨ ਗੰਭੀਰ ਜ਼ੁਰਮ ਹੋ ਸਕਦਾ ਹੈ।

| | | |
|---|---|---|
| *ਡਰੇਨਕੇਅਰ (ਡ੍ਰੇਨ ਦੀ ਸਾਂਭ-ਸੰਭਾਲ)* | 2.9 | ਆਮ ਤੌਰ 'ਤੇ, ਸਵੀਕਾਰਯੋਗ ਗੰਦਾ ਪਾਣੀ ਉਹ ਪਾਣੀ ਹੁੰਦਾ ਹੈ ਜੋ ਆਮ ਘਰੇਲੂ ਮਨੁੱਖੀ ਗਤੀਵਿਧੀਆਂ, ਜਿਵੇਂ ਕਿ ਨਹਾਉਣ, ਸ਼ਾਵਰ ਲੈਣ, ਕੱਪੜੇ ਧੋਣ ਅਤੇ ਟਾਇਲਟ ਦੀ ਵਰਤੋਂ ਦੁਆਰਾ ਪੈਦਾ ਹੁੰਦਾ ਹੈ। ਖਾਣਾ ਪਕਾਉਣ ਵਾਲੀ ਚਰਬੀ ਜਾਂ ਤੇਲ, ਪੇਂਟ ਅਤੇ ਥਿਨਰ, ਕੀਟਨਾਸ਼ਕ, ਪੈਟਰੋਲ, ਨੈਪੀਜ਼, ਟਿਸ਼ੂ, ਕਾਗਜ਼ ਦੇ ਤੌਲੀਆ, ਸੈਨੇਟਰੀ ਉਤਪਾਦ ਜਾਂ 'ਫਲੱਸ਼ ਕਰਨਯੋਗ' ਵਾਈਪਸ, ਡਿਸਪੋਸੇਬਲ ਮਾਸਕ, ਕੱਪੜੇ, ਮਿੱਟੀ, ਐਕੁਏਰੀਅਮ ਦੀ ਬੱਜਰੀ ਜਾਂ ਬਿੱਲੀਆਂ ਦੀ ਟੱਟੀ ਵਰਗੀਆਂ ਵਸਤੂਆਂ *ਸੀਵਰੇਜ਼ ਨੈੱਟਵਰਕ* ਵਿੱਚ ਛੱਡੇ ਜਾਣ ਲਈ ਸਵੀਕਾਰ ਕਰਨਯੋਗ ਨਹੀਂ ਹਨ। ਇਹ ਪਦਾਰਥ ਰੁਕਾਵਟਾਂ ਪੈਦਾ ਕਰ ਸਕਦੇ ਹਨ, ਸੀਵਰਾਂ ਨੂੰ ਖ਼ਰਾਬ ਕਰ ਸਕਦੇ ਹਨ, ਸਾਡੀ ਪਾਣੀ ਦੀ ਸੋਧ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਵਾਤਾਵਰਣ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਜਨਤਾ ਜਾਂ ਸਾਡੇ ਕਰਮਚਾਰੀਆਂ ਲਈ ਕੰਮ 'ਤੇ ਸਿਹਤ ਅਤੇ ਸੁਰੱਖਿਆ ਲਈ ਖ਼ਤਰਾ ਪੇਸ਼ ਕਰ ਸਕਦੇ ਹਨ। ਵੇਰਵਿਆਂ ਲਈ ਸਾਡੀ ਪ੍ਰਕਾਸ਼ਿਤ ਤਰਲ ਕੂੜਾ-ਕਰਕਟ ਨੂੰ ਸਵੀਕਾਰ ਕਰਨ ਦੀ ਨੀਤੀ ਅਤੇ ਦਿਸ਼ਾ-ਨਿਰਦੇਸ਼ ਵੇਖੋ। |
| *ਨਾ-ਪੀਣਯੋਗ ਪਾਣੀ* | 2.10 | ACT ਦੇ ਕੁੱਝ ਇਲਾਕਿਆਂ ਵਿੱਚ, *ਨਾ-ਪੀਣਯੋਗ ਪਾਣੀ* ਖੇਡਾਂ ਦੇ ਮੈਦਾਨਾਂ, ਬਗੀਚਿਆਂ ਅਤੇ ਅਜਿਹੇ ਹੀ ਹੋਰ ਉਦੇਸ਼ਾਂ ਲਈ ਵਰਤੋਂ ਲਈ ਉਪਲਬਧ ਹੋ ਸਕਦਾ ਹੈ। ਜੇਕਰ ਤੁਹਾਨੂੰ ਸਾਡੇ ਦੁਆਰਾ *ਨਾ-ਪੀਣਯੋਗ ਪਾਣੀ* ਸਪਲਾਈ ਕੀਤਾ ਜਾਂਦਾ ਹੈ, ਤਾਂ ਇਹ ਇੱਕ ਵੱਖਰੇ ਇਕਰਾਰਨਾਮੇ ਦੇ ਅਧੀਨ ਹੋਵੇਗਾ। ਇਹ ਇਕਰਾਰਨਾਮਾ *ਨਾ-ਪੀਣਯੋਗ ਪਾਣੀ* ਦੀ ਸਪਲਾਈ 'ਤੇ ਲਾਗੂ ਨਹੀਂ ਹੁੰਦਾ ਹੈ। |
| *ਤੁਹਾਡੇ ਯੰਤਰ* | 2.11 | ਤੁਸੀਂ *ਆਪਣੇ ਯੰਤਰ* ਦੇ ਸੰਚਾਲਨ ਅਤੇ ਸਾਂਭ-ਸੰਭਾਲ ਲਈ ਜ਼ਿੰਮੇਵਾਰ ਹੋ ਅਤੇ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਇਹ *ਯੰਤਰ ਸਾਡੀਆਂ* ਸੁਵਿਧਾ ਸ਼ਰਤਾਂ ਦੀ ਪਾਲਣਾ ਕਰਦਾ ਹੈ। |
| | 2.12 | ਤੁਹਾਡੇ ਲਈ ਇਹ ਵੀ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ *ਤੁਹਾਡੇ ਯੰਤਰ* 'ਤੇ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਉਸ ਕਿਸਮ ਦੇ ਕੰਮ ਨੂੰ ਕਰਨ ਲਈ *ਮਾਨਤਾ ਪ੍ਰਾਪਤ* ਹੈ। |
| | 2.13 | ਤੁਸੀਂ ਮੀਟਰ ਦੇ ਢੱਕਣ, ਟੋਏ, ਕੈਬਿਨੇਟ ਜਾਂ ਹੋਰ ਢਾਂਚੇ ਦੇ ਮਾਲਕ ਹੋ, ਅਤੇ ਇਸਨੂੰ ਅਜਿਹੇ ਢੰਗ ਨਾਲ ਬਣਾਈ ਰੱਖਣਾ ਲਾਜ਼ਮੀ ਹੈ ਜੋ ਮੀਟਰ ਦੀ ਸੁਰੱਖਿਆ, ਜਨਤਕ ਸੁਰੱਖਿਆ ਅਤੇ ਮੀਟਰ ਰੀਡਿੰਗ ਲਈ ਪਹੁੰਚਯੋਗਤਾ ਨੂੰ ਯਕੀਨੀ ਬਣਾਉਂਦਾ ਹੈ। |
| | 2.14 | ਤੁਹਾਡੇ ਯੰਤਰ ਅਤੇ ਸਾਡੇ ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ ਵਿਚਕਾਰ ਦੀ ਹੱਦ ਨਿਰਧਾਰਤ ਕੁਨੈਕਸ਼ਨ ਬਿੰਦੂ ਹੈ, ਜਾਂ ਜਿਵੇਂ ਕਿ ਲਿਖਤੀ ਰੂਪ ਵਿੱਚ ਤੁਹਾਡੇ ਨਾਲ ਸਹਿਮਤੀ ਹੋਈ ਹੈ। ਤੁਸੀਂ *ਕੁਨੈਕਸ਼ਨ ਬਿੰਦੂ* ਦੇ ਆਪਣੇ ਪਾਸੇ ਦੇ *ਆਪਣੇ ਯੰਤਰਾਂ* ਲਈ ਜ਼ਿੰਮੇਵਾਰ ਹੋ ਅਤੇ ਅਸੀਂ ਆਪਣੇ ਪਾਸੇ ਦੇ *ਯੰਤਰਾਂ* ਲਈ ਜ਼ਿੰਮੇਵਾਰ ਹਾਂ। |
| *ਫਾਇਰ ਸੇਵਾਵਾਂ ਦੀ ਵਰਤੋਂ* | 2.15 | ਜੇਕਰ ਤੁਹਾਡੀ ਜਾਇਦਾਦ 'ਤੇ ਫਾਇਰ (ਅੱਗ ਬੁਝਾਉਣ ਲਈ ਪਾਣੀ ਦਾ ਪੰਪ) ਸਰਵਿਸ ਲੱਗੀ ਹੋਈ ਹੈ, ਤਾਂ ਤੁਹਾਡੀ ਵੱਲੋਂ ਅੱਗ ਬੁਝਾਉਣ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਇਸਦੀ ਵਰਤੋਂ ਨਾ ਕਰਨੀ ਲਾਜ਼ਮੀ ਹੈ, ਜਾਂ ਨਾ ਹੀ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ। |

*ਮੀਟਰ ਨੂੰ ਬਾਈਪਾਸ ਕਰਨਾ*

2.16 ਤੁਹਾਨੂੰ ਲਾਜ਼ਮੀ ਤੌਰ 'ਤੇ ਪਾਣੀ ਦੇ ਮੀਟਰ ਨੂੰ ਹਟਾਉਣਾ, ਉਸ ਨਾਲ ਛੇੜਛਾੜ ਜਾਂ ਬਾਈਪਾਸ ਨਹੀਂ ਕਰਨਾ ਚਾਹੀਦਾ ਹੈ, ਜਾਂ ਨਾ ਹੀ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ।

*ਜਾਇਦਾਦ ਨੂੰ ਪ੍ਰਭਾਵਿਤ ਕਰਨ ਸੰਬੰਧੀ ਜ਼ਿੰਮੇਵਾਰੀਆਂ*

2.17 ਤੁਹਾਡੀਆਂ ਜਾਇਦਾਦਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੋਰ ਜ਼ਿੰਮੇਵਾਰੀਆਂ ਅਨੁਸੂਚੀ 1 ਵਿੱਚ ਤੈਅ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

(a) ਤੁਹਾਡੀਆਂ ਜਾਇਦਾਦਾਂ 'ਤੇ ਸਾਡੇ ਬੁਨਿਆਦੀ ਢਾਂਚੇ ਤੱਕ ਪਹੁੰਚ ਪ੍ਰਦਾਨ ਕਰਨਾ;

(b) ਸਾਨੂੰ ਕਿਸੇ ਵੀ ਖ਼ਤਰੇ ਬਾਰੇ ਚੇਤਾਵਨੀ ਦੇਣਾ;

(c) ਸਾਡੇ ਬੁਨਿਆਦੀ ਢਾਂਚੇ ਦੀ ਵਾਜਬ ਦੇਖਭਾਲ ਕਰਨਾ;

(d) ਰੁਕਾਵਟਾਂ ਪਾਉਣ ਤੋਂ ਬਚਾਅ ਕਰਨਾ;

(e) ਸਾਡੇ ਬੁਨਿਆਦੀ ਢਾਂਚੇ ਦੀ ਸਥਿਤੀ ਦੀ ਜਾਂਚ ਕਰਨਾ ਅਤੇ ਨਿਰਮਾਣ ਕੰਮ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਸਾਡੀ ਮਨਜ਼ੂਰੀ ਲੈਣੀ; ਅਤੇ

(f) *ਜ਼ਮੀਨ ਦੇ ਪੱਧਰਾਂ ਨੂੰ ਇਸ ਤਰੀਕੇ ਨਾਲ ਨਾ ਬਣਾਉਣਾ ਜਾਂ ਬਦਲਣਾ ਤਾਂ ਕਿ ਇਹ ਸਾਡੇ ਯੰਤਰਾਂ ਜਾਂ* ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ *ਵਿੱਚ ਦਖ਼ਲ ਦੇਵੇ।*

*ਗਾਹਕ ਦੀਆਂ ਹੋਰ ਕਾਨੂੰਨੀ ਜ਼ਿੰਮੇਵਾਰੀਆਂ*

2.18 ਤੁਹਾਨੂੰ ਲਾਜ਼ਮੀ ਤੌਰ 'ਤੇ ਸਾਡੇ ਨਾਲ ਇਮਾਨਦਾਰੀ ਨਾਲ ਪੇਸ਼ ਆਉਣਾ ਚਾਹੀਦਾ ਹੈ।

2.19 ਤੁਹਾਡੀ ਲਈ ਇਨ੍ਹਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ:

(a) ਲਾਗੂ *ਕਾਨੂੰਨ ਦੀ;*

(b) *ਯੂਟੀਲਿਟੀਜ਼ ਐਕਟ 2000* ਜਾਂ *ਯੂਟੀਲਿਟੀਜ਼ (ਟੈਕਨੀਕਲ ਰੈਗੂਲੇਸ਼ਨ) ਐਕਟ 2014* ਦੇ ਅਧੀਨ ਪ੍ਰਕਾਸ਼ਿਤ ਜਾਬਤਿਆਂ ਵਿੱਚ ਲਿਖੀਆਂ ਕੋਈ ਵੀ ਜ਼ਿੰਮੇਵਾਰੀਆਂ ਜੋ ਗਾਹਕਾਂ 'ਤੇ ਲਾਗੂ ਹੋਣ ਲਈ ਦਰਸਾਈਆਂ ਗਈਆਂ ਹਨ;

(c) ਸਾਡੀਆਂ ਸੁਵਿਧਾ ਸ਼ਰਤਾਂ; ਅਤੇ

(d) ਕੋਈ ਵੀ ਵਾਜਬ ਦਿਸ਼ਾ-ਨਿਰਦੇਸ਼ ਜੋ ਅਸੀਂ ਤੁਹਾਨੂੰ ਕਾਨੂੰਨ, ਜਾਬਤੇ ਜਾਂ ਉਹਨਾਂ ਨਿਯਮਾਂ ਦੇ ਅਧੀਨ ਦਿੰਦੇ ਹਾਂ।

## ਕੁਨੈਕਸ਼ਨ ਦੇ ਕੰਮ ਲਈ ਤੁਹਾਡੀ ਪ੍ਰਦਾਤਾ ਦੀ ਚੋਣ

*ਤੁਹਾਡੀ ਚੋਣ (ਮਰਜ਼ੀ)*

3.1 ਜ਼ਿਆਦਾਤਰ ਸੁਧਰੀਆਂ ਜਾਇਦਾਦਾਂ ਵਿੱਚ ਉਪਨਗਰ ਵਸਾਏ ਜਾਣ ਦੇ ਸਮੇਂ ਦੌਰਾਨ ਪਾਣੀ ਅਤੇ ਸੀਵਰੇਜ਼ ਦੀ ਮਿਆਰੀ ਕੁਨੈਕਸ਼ਨ ਸੇਵਾ ਲੱਗੀ ਹੁੰਦੀ ਹੈ। ਜੇ ਤੁਸੀਂ ਚਾਹੁੰਦੇ ਹੋ:

(a) ਆਪਣੀ ਜਾਇਦਾਦ ਨੂੰ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਨਾਲ ਜੋੜਨਾ ਚਾਹੁੰਦੇ ਹੋ ਜਿੱਥੇ ਕੋਈ ਮੌਜੂਦਾ ਕੁਨੈਕਸ਼ਨ ਸੇਵਾ (ਖ਼ਾਸ ਯੰਤਰਾਂ ਜਿਵੇਂ ਕਿ ਸੀਵਰ ਮੇਨ ਜੰਕਸ਼ਨ, ਵਾਟਰ ਨੈੱਟਵਰਕ ਮੇਨਕੌਕ ਜਾਂ ਟੀ ਜੰਕਸ਼ਨ ਲੱਗੇ ਹੋਣ ਤੋਂ ਇਲਾਵਾ) ਨਹੀਂ ਲੱਗੀ ਹੋਈ ਹੈ;

(b) ਮੌਜੂਦਾ ਕੁਨੈਕਸ਼ਨ ਸੇਵਾ ਦਾ ਆਕਾਰ ਜਾਂ ਸਥਾਨ ਬਦਲਣਾ ਚਾਹੁੰਦੇ ਹੋ;

(c) ਕੁਨੈਕਸ਼ਨ ਸੇਵਾ ਨੂੰ ਹਟਾਉਣਾ ਚਾਹੁੰਦੇ ਹੋ (ਖ਼ਾਸ *ਯੰਤਰਾਂ* ਜਿਵੇਂ ਕਿ ਸੀਵਰ ਮੇਨ ਜੰਕਸ਼ਨ, *ਵਾਟਰ ਨੈੱਟਵਰਕ* ਮੇਨਕੌਕ ਜਾਂ ਟੀ ਜੰਕਸ਼ਨ ਨੂੰ ਹਟਾਉਣ ਤੋਂ ਇਲਾਵਾ); ਜਾਂ

(d) ਕੋਈ ਨਵੀਂ ਕੁਨੈਕਸ਼ਨ ਸੇਵਾ ਜੋੜਨਾ ਚਾਹੁੰਦੇ ਹੋ (ਖ਼ਾਸ *ਯੰਤਰਾਂ* ਜਿਵੇਂ ਕਿ ਸੀਵਰ ਮੇਨ ਜੰਕਸ਼ਨ, *ਵਾਟਰ ਨੈੱਟਵਰਕ* ਮੇਨਕੌਕ ਜਾਂ ਟੀ ਜੰਕਸ਼ਨ ਨੂੰ ਲਗਾਉਣ ਤੋਂ ਇਲਾਵਾ),

ਤੁਸੀਂ ਇਹ ਕੰਮ ਕਰਨ ਲਈ ਸਾਡੇ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਤੋਂ ਕੰਮ ਕਰਵਾਉਣ ਦੀ ਚੋਣ ਕਰ ਸਕਦੇ ਹੋ। ਹੋਰ ਕੰਮ ਜਾਂ ਹੋਰ ਵੇਰਵਿਆਂ ਲਈ *ਸਾਡੀਆਂ ਸੁਵਿਧਾ ਸ਼ਰਤਾਂ* ਤੋਂ ਸੇਧ ਲਓ।

3.2 ਜੇਕਰ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਕੋਲ ਕੁਨੈਕਸ਼ਨ ਲਈ ਲੋੜੀਂਦੀ ਥਾਂ 'ਤੇ ਮੌਜੂਦਾ ਆਫ਼-ਟੇਕ ਵਾਲਵ ਜਾਂ ਮੇਨ ਕਨੈਕਟਰ ਨਹੀਂ ਹੈ, ਤਾਂ ਅਸੀਂ ਤੁਹਾਡੀ ਕੀਮਤ 'ਤੇ ਤੁਹਾਡੇ ਲਈ ਇਸਨੂੰ ਲਗਾਵਾਂਗੇ। ਸਿਰਫ਼ ਸਾਨੂੰ ਹੀ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਨੂੰ ਹੱਥ ਲਗਾਉਣ ਦੀ ਆਗਿਆ ਹੈ। ਇਹ ਕੰਮ ਤੁਸੀਂ ਜਾਂ ਕੋਈ ਹੋਰ ਵਿਅਕਤੀ ਨਹੀਂ ਕਰ ਸਕਦਾ ਹੈ।

3.3 ਜੇਕਰ ਤੁਸੀਂ 3.1 ਧਾਰਾ ਵਿੱਚ ਦਿੱਤੇ ਗਏ ਕਿਸੇ ਹੋਰ ਵਿਅਕਤੀ ਤੋਂ ਕੰਮ ਕਰਵਾਉਣਾ ਚੁਣਦੇ ਹੋ, ਤਾਂ ਤੁਸੀਂ ਲਾਜ਼ਮੀ ਤੌਰ 'ਤੇ:

(a) ਸਾਨੂੰ ਠੇਕੇਦਾਰ ਦੇ ਨਾਮ ਅਤੇ ਕੀਤੇ ਜਾਣ ਵਾਲੇ ਕੰਮ ਬਾਰੇ ਸੂਚਿਤ ਕਰੋ; ਅਤੇ

(b) ਇਹ ਯਕੀਨੀ ਬਣਾਓ ਕਿ ਕੰਮ ਕਰਨ ਵਾਲਾ ਵਿਅਕਤੀ ਉਸ ਕਿਸਮ ਦੇ ਕੰਮ ਨੂੰ ਕਰਨ ਲਈ *ਮਾਨਤਾ ਪ੍ਰਾਪਤ* ਹੈ।

3.4 ਜੇਕਰ ਤੁਸੀਂ ਕਿਰਾਏਦਾਰ ਜਾਂ ਉੱਥੇ ਰਹਿਣ ਵਾਲੇ ਵਿਅਕਤੀ ਹੋ, ਤਾਂ ਤੁਹਾਨੂੰ ਸਾਨੂੰ ਜਾਇਦਾਦ ਵਿੱਚ ਕੁਨੈਕਸ਼ਨ ਲਗਾਉਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮਾਲਕ ਤੋਂ ਲਿਖਤੀ ਅਧਿਕਾਰ-ਪੱਤਰ ਲੈ ਕੇ ਪ੍ਰਦਾਨ ਕਰਨਾ ਲਾਜ਼ਮੀ ਹੈ।

## ਤੁਸੀਂ ਸੇਵਾ ਦੇ ਕਿਹੜੇ ਮਿਆਰ ਦੀ ਉਮੀਦ ਕਰ ਸਕਦੇ ਹੋ?

4.1 *ਅਸੀਂ ਖ਼ਪਤਕਾਰ ਸੁਰੱਖਿਆ ਜਾਬਤੇ ਵਿੱਚ ਦੱਸੇ ਅਨੁਸਾਰ ਤੁਹਾਡੇ ਨਾਲ ਸਾਡੇ ਲੈਣ-ਦੇਣ ਵਿੱਚ ਗਾਰੰਟੀਸ਼ੁਦਾ ਸੇਵਾ ਪੱਧਰਾਂ ਨੂੰ ਪੂਰਾ ਕਰਨਾ ਚਾਹੁੰਦੇ ਹਾਂ।*

*ਗਾਹਕ ਸੇਵਾ ਦੇ ਮਿਆਰ*

*ਸੇਵਾ ਦੇਣ ਵਿੱਚ ਨਾਕਾਮੀ ਹੋਣ 'ਤੇ ਛੋਟ*

4.2 ਜੇਕਰ ਅਸੀਂ ਖ਼ਪਤਕਾਰ ਸੁਰੱਖਿਆ ਜਾਬਤੇ ਦੀ ਅਨੁਸੂਚੀ 1 ਵਿੱਚ ਦੱਸੇ ਅਨੁਸਾਰ ਗਾਰੰਟੀਸ਼ੁਦਾ ਸੇਵਾ ਪੱਧਰਾਂ ਨੂੰ ਪੂਰਾ ਕਰਨ ਵਿੱਚ ਨਾ-ਕਾਮਯਾਬ ਰਹਿੰਦੇ ਹਾਂ ਤਾਂ ਤੁਸੀਂ ਛੋਟ ਪ੍ਰਾਪਤ ਕਰਨ ਦੇ ਹੱਕਦਾਰ ਹੋ। ਕਿਸੇ ਵੀ ਦਿੱਤੇ ਜਾਣ ਵਾਲੀ ਛੋਟ ਦੀ ਰਕਮ ਖਪਤਕਾਰ ਸੁਰੱਖਿਆ ਜਾਬਤੇ ਵਿੱਚ ਦਰਸਾਈ ਗਈ ਹੈ। ਛੋਟਾਂ ਬਾਰੇ ਹੋਰ ਜਾਣਕਾਰੀ ਇੱਥੇ ਸਾਡੀ ਵੈੱਬਸਾਈਟ 'ਤੇ ਵੀ ਮਿਲ ਸਕਦੀ ਹੈ ਅਤੇ ਖ਼ਪਤਕਾਰ ਸੁਰੱਖਿਆ ਜਾਬਤੇ ਦੀ ਇੱਕ ਕਾਪੀ ਇੱਥੇ ACT ਕਾਨੂੰਨ ਰਜਿਸਟਰ ਦੀ ਵੈੱਬਸਾਈਟ ਤੋਂ ਉਪਲਬਧ ਹੈ। ਛੋਟਾਂ ਅਤੇ ਸਾਡੀ ਛੋਟ ਪ੍ਰਕਿਰਿਆ ਬਾਰੇ ਹੋਰ ਵੇਰਵਿਆਂ ਦਾ ਪਤਾ ਲਗਾਉਣ ਲਈ, 6248 3111 (ਵਿਕਲਪ 3) 'ਤੇ ਫ਼ੋਨ ਕਰੋ।

*ਨਿਰੰਤਰ ਸਪਲਾਈ, ਗੁਣਵੱਤਾ ਅਤੇ ਦਬਾਅ ਦੀ ਗਰੰਟੀ ਨਹੀਂ ਹੈ*

4.3 ਅਸੀਂ ਉੱਚ ਗੁਣਵੱਤਾ ਵਾਲੀ ਪਾਣੀ ਦੀ ਸਪਲਾਈ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਜੋ ਵਾਟਰ ਐਂਡ ਸੀਵਰੇਜ ਟੈਕਨੀਕਲ ਕੋਡ ਅਤੇ ਪਬਲਿਕ ਹੈਲਥ (ਪੀਣ ਵਾਲੇ ਪਾਣੀ) ਕੋਡ ਆਫ਼ ਪ੍ਰੈਕਟਿਸ ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ, ਅਤੇ *ਤੁਹਾਡੀਆਂ ਜਲ ਸੇਵਾਵਾਂ ਅਤੇ ਸੀਵਰੇਜ ਸੇਵਾਵਾਂ ਦੀ ਸਪਲਾਈ* ਵਿੱਚ ਰੁਕਾਵਟਾਂ ਨੂੰ ਘੱਟ ਕਰਨ ਲਈ ਵਚਨਬੱਧ ਹਾਂ।

4.4 ਹਾਲਾਂਕਿ, ਸਾਡੀਆਂ *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਕਈ ਕਿਸਮ ਕਾਰਕਾਂ ਤੋਂ ਪ੍ਰਭਾਵਿਤ ਹੋ ਸਕਣ ਦੇ ਅਧੀਨ ਹਨ ਜਿਸ ਵਿੱਚ ਦੁਰਘਟਨਾਵਾਂ, ਮੌਸਮ, ਤੀਜੀਆਂ ਧਿਰਾਂ ਦੀਆਂ ਕਾਰਵਾਈਆਂ, ਪਾਣੀ ਅਤੇ ਸੀਵਰੇਜ਼ ਵੰਡ ਪ੍ਰਣਾਲੀਆਂ 'ਤੇ ਕੰਮ ਕਰਨ, ਮੁੜ-ਸੰਰਚਨਾ ਅਤੇ ਫੇਰ-ਬਦਲ ਕਰਨ ਦੀ ਲੋੜ ਸ਼ਾਮਲ ਹੈ।

ਇਸ ਕਰਕੇ, ਅਸੀਂ ਇਸ ਗੱਲ ਦੀ ਗਾਰੰਟੀ ਦੇਣ ਵਿੱਚ ਅਸਮਰੱਥ ਹਾਂ ਕਿ:

(a) ਸਮੇਂ-ਸਮੇਂ 'ਤੇ ਪਾਣੀ ਦੀ ਗੁਣਵੱਤਾ, ਦਬਾਅ ਜਾਂ ਵਹਾਅ ਦੀ ਦਰ ਵਿੱਚ ਕੋਈ ਭਿੰਨਤਾਵਾਂ ਨਹੀਂ ਹੋਣਗੀਆਂ; ਜਾਂ

(b) ਤੁਹਾਡੀਆਂ *ਜਲ ਸੇਵਾਵਾਂ* ਜਾਂ *ਸੀਵਰੇਜ਼ ਸੇਵਾਵਾਂ* ਵਿੱਚ ਕੋਈ ਰੁਕਾਵਟ ਨਹੀਂ ਹੋਵੇਗੀ,

ਜਾਬਤਿਆਂ ਵਿੱਚ ਤੈਅ ਕੀਤੀਆਂ ਗਈਆਂ ਹੱਦਾਂ ਅਨੁਸਾਰ।

*ਤੁਹਾਡੀ ਸਪਲਾਈ ਵਿੱਚ ਰੁਕਾਵਟਾਂ ਠੀਕ ਕਰਨਾ*

4.5 ਜੇਕਰ ਤੁਹਾਡੀ *ਜਲ ਸੇਵਾਵਾਂ ਜਾਂ ਸੀਵਰੇਜ਼ ਸੇਵਾਵਾਂ* ਦੀ ਸਪਲਾਈ ਵਿੱਚ ਕੋਈ ਰੁਕਾਵਟ ਆਉਂਦੀ ਹੈ, ਤਾਂ ਅਸੀਂ ਇਸਨੂੰ ਜਲਦੀ ਤੋਂ ਜਲਦੀ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ।

*ਯੋਜਨਾਬੱਧ ਰੁਕਾਵਟਾਂ*

4.6 ਅਸੀਂ ਤੁਹਾਡੀਆਂ *ਜਲ ਸੇਵਾਵਾਂ ਜਾਂ ਸੀਵਰੇਜ਼ ਸੇਵਾਵਾਂ* ਵਿੱਚ ਵਿਘਨ ਪਾ ਸਕਦੇ ਹਾਂ:

(a) ਖ਼ਪਤਕਾਰ ਸੁਰੱਖਿਆ ਜਾਬਤੇ ਦੁਆਰਾ ਆਗਿਆ ਦਿੱਤੇ ਹਾਲਾਤਾਂ ਵਿੱਚ; ਜਾਂ

(b) ਲਾਗੂ ਸੰਬੰਧਿਤ *ਕਾਨੂੰਨ* ਦੁਆਰਾ ਆਗਿਆ ਦਿੱਤੇ ਜਾਂ ਲੋੜ ਅਨੁਸਾਰ।

4.7 ਅਸੀਂ ਤੁਹਾਨੂੰ ਯੋਜਨਾਬੱਧ ਰੁਕਾਵਟ ਪਾਉਣ ਦਾ ਘੱਟੋ-ਘੱਟ 2 ਦਿਨ ਪਹਿਲਾਂ ਨੋਟਿਸ ਦੇਵਾਂਗੇ (ਜਾਂ 4 ਦਿਨ ਜੇ ਤੁਹਾਡੀ ਜਾਇਦਾਦ ਧਾਰਾ 2.5 ਦੇ ਅਧੀਨ ਜੀਵਨ ਸਹਾਇਤਾ ਉਪਕਰਨ ਲੱਗੇ ਹੋਣ ਲਈ ਰਜਿਸਟਰ ਕੀਤੀ ਗਈ ਹੈ), ਜਦੋਂ ਤੱਕ ਤੁਸੀਂ ਆਪਣੀ ਸਹਿਮਤੀ ਨਹੀਂ ਦਿੰਦੇ ਹੋ ਜਾਂ ਕੋਈ ਐਮਰਜੈਂਸੀ ਨਹੀਂ ਹੁੰਦੀ ਹੈ।

4.8 ਜੇਕਰ ਤੁਹਾਡੀ ਜਾਇਦਾਦ ਧਾਰਾ 2.5 ਦੇ ਅਧੀਨ ਜੀਵਨ ਸਹਾਇਤਾ ਉਪਕਰਨ ਲੱਗੇ ਹੋਣ ਲਈ ਰਜਿਸਟਰਡ ਹੈ, ਤਾਂ ਤੁਸੀਂ ਨੋਟਿਸ ਦੇਣ ਲਈ ਲੰਮੀ ਮਿਆਦ ਦੀ ਬੇਨਤੀ ਕਰ ਸਕਦੇ ਹੋ ਜੇਕਰ ਇਹ ਉਚਿਤ ਤੌਰ 'ਤੇ ਜ਼ਰੂਰੀ ਹੈ।

4.9 ਨੋਟਿਸ ਲਈ ਖ਼ਪਤਕਾਰ ਸੁਰੱਖਿਆ ਜਾਬਤੇ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

| | | |
|---|---|---|
| *ਗ਼ੈਰ-ਯੋਜਨਾਬੱਧ ਰੁਕਾਵਟਾਂ* | 4.10 | ਤੁਹਾਡੀਆਂ *ਜਲ ਸੇਵਾਵਾਂ ਜਾਂ ਸੀਵਰੇਜ਼ ਸੇਵਾਵਾਂ* ਵਿੱਚ ਗ਼ੈਰ-ਯੋਜਨਾਬੱਧ ਰੁਕਾਵਟ ਪੈਣ ਦੇ ਮਾਮਲੇ ਵਿੱਚ, ਤੁਸੀਂ ਹੋਰ ਚੀਜ਼ਾਂ ਦੇ ਨਾਲ, ਰੁਕਾਵਟ ਦੀ ਕਿਸਮ ਅਤੇ ਜਿੱਥੇ ਲਾਗੂ ਹੋਵੇ ਤੁਹਾਡੀਆਂ *ਜਲ ਸੇਵਾਵਾਂ ਜਾਂ ਸੀਵਰੇਜ ਸੇਵਾਵਾਂ* ਦੇ ਪ੍ਰਬੰਧ ਦੀ ਬਹਾਲੀ ਦੇ ਅਨੁਮਾਨਿਤ ਸਮੇਂ ਬਾਰੇ ਜਾਣਕਾਰੀ ਲਈ ਸਾਡੀ ਨੁਕਸ ਅਤੇ ਐਮਰਜੈਂਸੀ ਲਾਈਨ ਨੂੰ 6248 3111 (ਵਿਕਲਪ 1) 'ਤੇ ਫ਼ੋਨ ਕਰ ਸਕਦੇ ਹੋ। |
| *ਸੋਕਾ* | 4.11 | ਪਾਣੀ ਦੀ ਵਰਤੋਂ 'ਤੇ ਪਾਬੰਦੀਆਂ ਕਾਨੂੰਨ ਦੁਆਰਾ ਲਾਗੂ ਕੀਤੀਆਂ ਗਈਆਂ ਹੋ ਸਕਦੀਆਂ ਹਨ। ਇਸ ਇਕਰਾਰਨਾਮੇ ਅਤੇ ਅਜਿਹੇ ਕਾਨੂੰਨ ਵਿਚਕਾਰ ਟਕਰਾਅ ਦੀ ਸਥਿਤੀ ਵਿੱਚ, ਕਾਨੂੰਨ ਇਸ ਇਕਰਾਰਨਾਮੇ 'ਤੇ ਹਾਵੀ ਹੋਵੇਗਾ। |
| | 4.12 | ਜਿੱਥੇ ਪਾਣੀ ਦੀ ਵਰਤੋਂ 'ਤੇ ਪਾਬੰਦੀਆਂ ਲਾਗੂ ਹਨ, ਅਸੀਂ ਕਾਨੂੰਨ ਦੁਆਰਾ ਆਗਿਆ ਦਿੱਤੇ ਅਨੁਸਾਰ ਜਾਂ ਲੋੜ ਪੈਣ 'ਤੇ ਕੁਨੈਕਸ਼ਨ ਨੂੰ ਕੱਟ, ਸਪਲਾਈ ਨੂੰ ਬੰਦ ਜਾਂ ਅਣ-ਅਧਿਕਾਰਤ ਵਰਤੋਂ ਨੂੰ ਬੰਦ ਕਰ ਸਕਦੇ ਹਾਂ। |
| **ਤੁਹਾਡੇ ਕੋਲ ਹੋਰ ਕਿਹੜੇ ਅਧਿਕਾਰ ਹਨ?**<br><br>*ਸ਼ਨਾਖਤ ਦਿਖਾਉਣ ਲਈ ਪੁੱਛੋ* | 5.1 | ਤੁਸੀਂ ਤੁਹਾਡੀ ਜਾਇਦਾਦ 'ਤੇ ਆਉਣ ਵਾਲੇ ਸਾਡੇ ਕਰਮਚਾਰੀਆਂ, ਠੇਕੇਦਾਰਾਂ ਜਾਂ ਏਜੰਟਾਂ ਨੂੰ ਪਹਿਲਾਂ ਉਨ੍ਹਾਂ ਦੀ ਸਨਾਖ਼ਤ ਦਿਖਾਉਣ ਲਈ ਪੁੱਛਣ ਦੇ ਹੱਕਦਾਰ ਹੋ, ਇਸਤੋਂ ਪਹਿਲਾਂ ਕਿ ਉਹ ਤੁਹਾਨੂੰ ਸਵਾਲ ਪੁੱਛਣ ਜਾਂ ਕੰਮ ਸ਼ੁਰੂ ਕਰਨ। ਉਹ ਫੋਟੋਗ੍ਰਾਫਿਕ *ਆਈਕਨ ਵਾਟਰ ਜਾਂ ActewAGL* ਸਨਾਖ਼ਤ ਪੱਤਰ ਨਾਲ ਲੈ ਕੇ ਜਾਂਦੇ ਹਨ।<br><br>ਜੇਕਰ ਇਹ ਕਰਮਚਾਰੀ, ਠੇਕੇਦਾਰ ਜਾਂ ਏਜੰਟ ਸਨਾਖ਼ਤ ਪੱਤਰ ਨਹੀਂ ਦਿਖਾ ਸਕਦਾ ਜਾਂ ਨਹੀਂ ਦਿਖਾਉਂਦਾ, ਤਾਂ ਨਿਵਾਸੀ ਦੁਆਰਾ ਕਹਿਣ 'ਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਜਾਇਦਾਦ ਵਿੱਚੋਂ ਬਾਹਰ ਜਾਣ ਦੀ ਲੋੜ ਹੁੰਦੀ ਹੈ। |
| *ਕੀ ਤੁਹਾਨੂੰ ਆਪਣੇ ਖਾਤੇ ਦਾ ਭੁਗਤਾਨ ਕਰਨ ਵਿੱਚ ਸਮੱਸਿਆ ਆ ਰਹੀ ਹੈ?* | 5.2 | ਜੇਕਰ ਤੁਹਾਨੂੰ ਆਪਣੇ ਖਾਤੇ ਦਾ ਭੁਗਤਾਨ ਕਰਨ ਵਿੱਚ ਸਮੱਸਿਆਵਾਂ ਆ ਰਹੀਆਂ ਹਨ, ਤਾਂ ਤੁਸੀਂ ਬਦਲਵੇਂ ਭੁਗਤਾਨ ਪ੍ਰਬੰਧਾਂ 'ਤੇ ਚਰਚਾ ਕਰਨ ਲਈ ਸਾਨੂੰ ਫ਼ੋਨ ਕਰ ਸਕਦੇ ਹੋ, ਜਿਸ ਵਿੱਚ *ਰਿਹਾਇਸ਼ੀ ਜਾਇਦਾਦਾਂ* ਵੀ ਸ਼ਾਮਲ ਹਨ:<br><br>(a) ਪੇਸ਼ਗੀ ਭੁਗਤਾਨ ਜਾਂ ਕਿਸ਼ਤ ਭੁਗਤਾਨ ਯੋਜਨਾ ਤਰੀਕਿਆਂ ਲਈ;<br>(b) ਕੇਂਦਰੀ ਪ੍ਰਦੇਸ਼ (ਟੈਰੀਟਰੀ) ਸਰਕਾਰ ਦੇ ਸਹਾਇਤਾ ਪ੍ਰੋਗਰਾਮ ਲਈ; ਅਤੇ<br>(c) ਨਿਰਪੱਖ ਵਿੱਤੀ ਸਲਾਹ ਸੇਵਾਵਾਂ ਲਈ।<br><br>ਸਾਡੀ ਵਿੱਤੀ ਤੰਗੀ ਨੀਤੀ ਦੇ ਸੰਬੰਧ ਵਿੱਚ ਹੋਰ ਜਾਣਕਾਰੀ ਆਈਕਨ ਵਾਟਰ ਦੀ ਵੈੱਬਸਾਈਟ www.iconwater.com.au/my-home/my-account/financial-hardship ਤੋਂ ਉਪਲਬਧ ਹੈ। ਤੁਸੀਂ ਸਹਾਇਤਾ ਲੈਣ ਲਈ *ACT ਸਿਵਲ ਅਤੇ ਪ੍ਰਸ਼ਾਸਨਿਕ ਟ੍ਰਿਬਿਊਨਲ* ਨਾਲ 6207 7740 'ਤੇ ਵੀ ਸੰਪਰਕ ਕਰ ਸਕਦੇ ਹੋ। |

*ਪਾਣੀ ਅਤੇ ਸੀਵਰੇਜ਼ ਦੇ ਬਕਾਇਆ ਖ਼ਰਚੇ*

5.3 *ਯੂਟੀਲਿਟੀਜ਼ ਐਕਟ 2000* ਦੇ ਤਹਿਤ, ਜਾਇਦਾਦ ਦਾ ਮਾਲਕ ਪਿਛਲੇ ਮਾਲਕ ਦੇ ਪਾਣੀ ਅਤੇ ਸੀਵਰੇਜ਼ ਦੇ ਨਾ ਭੁਗਤਾਨ ਕੀਤੇ ਕਿਸੇ ਵੀ ਖ਼ਰਚੇ ਲਈ ਦੇਣਦਾਰ ਹੈ। ਇਸ ਲਈ, ਜੇਕਰ ਤੁਸੀਂ ਜਾਇਦਾਦ ਨੂੰ ਵੇਚਦੇ ਜਾਂ ਨਾਮ ਤਬਾਦਲਾ ਕਰਦੇ ਹੋ, ਤਾਂ ਵਿਸ਼ੇਸ਼ ਮੀਟਰ ਰੀਡਿੰਗ ਲਏ ਜਾਣ ਅਤੇ ਕਨਵੈਂਨਸ਼ਿੰਗ ਸਰਟੀਫ਼ਿਕੇਟ ਦੀ ਪ੍ਰਦਾਨ ਕੀਤੇ ਜਾਣ ਬੇਨਤੀ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਪਾਣੀ ਅਤੇ ਸੀਵਰੇਜ਼ ਖਾਤੇ ਦੀ ਉਚਿਤ ਵੰਡ ਕੀਤੀ ਜਾ ਸਕਦੀ ਹੈ।

5.4 ਕਨਵੈਂਨਸ਼ਿੰਗ ਸਰਟੀਫ਼ਿਕੇਟ ਪਾਣੀ ਅਤੇ ਸੀਵਰੇਜ਼ ਖਾਤੇ ਦੇ ਮੌਜੂਦਾ ਬਕਾਏ ਦੱਸਦਾ ਹੈ। ਇੱਕ ਵਿਸ਼ੇਸ਼ ਵਾਟਰ ਮੀਟਰ ਰੀਡਿੰਗ ਸਰਟੀਫ਼ਿਕੇਟ ਸਭ ਤੋਂ ਤਾਜ਼ਾ ਮੀਟਰ ਰੀਡਿੰਗ ਤੋਂ ਲੈ ਕੇ ਹੁਣ ਤੱਕ ਦੀ ਖ਼ਪਤ ਨੂੰ ਦਰਸਾਉਂਦਾ ਹੈ।

5.5 ਜਾਇਦਾਦ ਖ਼ਰੀਦਣ ਵੇਲੇ, ਜੇਕਰ ਤੁਸੀਂ ਕਨਵੈਂਸਿੰਗ ਸਰਟੀਫ਼ਿਕੇਟ ਅਤੇ ਵਿਸ਼ੇਸ਼ ਵਾਟਰ ਮੀਟਰ ਰੀਡਿੰਗ ਸਰਟੀਫ਼ਿਕੇਟ ਦੋਵਾਂ ਲਈ ਬੇਨਤੀ ਕਰਨ ਵਿੱਚ ਅਸਫ਼ਲ ਰਹਿੰਦੇ ਹੋ, ਤਾਂ ਤੁਹਾਡੀ ਨਵੀਂ ਜਾਇਦਾਦ ਦੇ ਨਿਪਟਾਰੇ 'ਤੇ ਤੁਹਾਡੇ ਅਤੇ ਪਿਛਲੇ ਮਾਲਕ ਵਿਚਕਾਰ ਪਾਣੀ ਅਤੇ ਸੀਵਰੇਜ਼ ਦੇ ਖਾਤੇ ਨੂੰ ਸਹੀ ਢੰਗ ਨਾਲ ਵੰਡਿਆ ਨਹੀਂ ਜਾ ਸਕਦਾ ਹੈ। ਇਹਨਾਂ ਹਾਲਤਾਂ ਵਿੱਚ, ਪਿਛਲੇ ਮਾਲਕ ਦੇ ਕੋਈ ਵੀ ਬਕਾਇਆ ਖ਼ਰਚੇ ਤੁਹਾਡੇ ਖਾਤੇ ਵਿੱਚ ਟ੍ਰਾਂਸਫਰ ਕੀਤੇ ਜਾਣਗੇ ਅਤੇ ਤੁਹਾਨੂੰ ਇਹ ਖ਼ਰਚੇ ਸਾਨੂੰ ਅਦਾ ਕਰਨੇ ਪੈਣਗੇ।

5.6 ਇਹਨਾਂ ਸਰਟੀਫ਼ਿਕੇਟਾਂ ਨੂੰ ਲੈਣ ਲਈ ਇੱਕ ਅਗਾਊਂ ਫ਼ੀਸ ਅਦਾ ਕਰਨੀ ਪੈਂਦੀ ਹੈ ਜਿਵੇਂ ਕਿ ਸਾਡੇ *ਖ਼ਰਚਿਆਂ ਦੀ ਅਨੁਸੂਚੀ* ਵਿੱਚ ਦਿਖਾਇਆ ਗਿਆ ਹੈ।

*ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹੋ*

5.7 ਤੁਸੀਂ ਸਾਨੂੰ ਇਨ੍ਹਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਬੇਨਤੀ ਕਰ ਸਕਦੇ ਹੋ:

(a) *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਲਈ ਜੋ ਅਸੀਂ ਤੁਹਾਡੀ ਜਾਇਦਾਦ ਲਈ ਪ੍ਰਦਾਨ ਕਰਦੇ ਹਾਂ;

(b) ਉਨ੍ਹਾਂ ਸੇਵਾਵਾਂ ਲਈ ਮੀਟਰ ਰੀਡਿੰਗ; ਜਾਂ

(c) ਤੁਹਾਡੀ ਖਾਤੇ ਲਈ।

ਅਸੀਂ ਇਹ ਜਾਣਕਾਰੀ ਉਸ ਹੱਦ ਤੱਕ ਪ੍ਰਦਾਨ ਕਰਾਂਗੇ ਜਿੰਨ੍ਹੀ ਕਿ ਇਹ ਸਾਡੇ ਕੋਲ ਵਾਜਬ ਤੌਰ 'ਤੇ ਉਪਲਬਧ ਹੈ। ਜੇਕਰ ਤੁਸੀਂ ਸਾਨੂੰ ਆਪਣੀ ਨਿੱਜੀ ਜਾਣਕਾਰੀ ਪ੍ਰਦਾਨ ਕਰਨ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਸਾਡੀ ਗੁਪਤਤਾ ਨੀਤੀ ਦੇ ਅਨੁਸਾਰ ਤੁਹਾਡੀ ਬੇਨਤੀ ਨਾਲ ਨਜਿੱਠਾਂਗੇ।

5.8 ਤੁਹਾਨੂੰ ਤੁਹਾਡੀ ਵੱਲੋਂ ਮੰਗੀ ਗਈ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਦੇ ਇਵਜ਼ ਵਿੱਚ ਸਾਡੇ ਵਾਜਬ ਖ਼ਰਚੇ ਦਾ ਭੁਗਤਾਨ ਕਰਨਾ ਲਾਜ਼ਮੀ ਹੈ, ਜਦੋਂ ਤੱਕ ਕਿ ਉਹ ਜਾਣਕਾਰੀ ਤੁਹਾਡੀ ਪੁੱਛਗਿੱਛ ਦੀ ਮਿਤੀ ਤੋਂ 12 ਮਹੀਨੇ ਪਹਿਲਾਂ ਦੇ ਖਾਤੇ ਜਾਂ ਮੀਟਰ ਸੰਬੰਧੀ ਜਾਣਕਾਰੀ ਨਾਲ ਸੰਬੰਧਿਤ ਨਹੀਂ ਹੈ, ਜੋ ਕਿ ਮੁਫ਼ਤ ਪ੍ਰਦਾਨ ਕੀਤੀ ਜਾਵੇਗੀ।

| | | |
|---|---|---|
| *ਸਾਨੂੰ ਤੁਹਾਡੇ ਨਾਲ ਕਦੋਂ ਸੰਪਰਕ ਕਰਨ ਦੀ ਆਗਿਆ ਹੈ* | 5.9 | ਸਾਨੂੰ ਤੁਹਾਡੇ ਨਾਲ ਸਿਰਫ਼ ਇਨ੍ਹਾਂ ਸਮਿਆਂ ਦੌਰਾਨ ਸੰਪਰਕ ਕਰਨ ਦੀ ਆਗਿਆ ਹੈ:<br>(a) ਹਫ਼ਤੇ ਦੇ ਕੰਮਕਾਜੀ ਦਿਨਾਂ ਵਿੱਚ ਸਵੇਰੇ 8.00 ਵਜੇ ਤੋਂ ਸ਼ਾਮ 8.00 ਵਜੇ ਦੇ ਵਿਚਕਾਰ;<br>(b) ਸ਼ਨੀਵਾਰ ਅਤੇ ਐਤਵਾਰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਦੇ ਵਿਚਕਾਰ; ਅਤੇ<br>(c) ACT ਜਨਤਕ ਛੁੱਟੀਆਂ ਵਾਲੇ ਦਿਨ ਬਿਲਕੁਲ ਵੀ ਨਹੀਂ,<br>ਜਦੋਂ ਤੱਕ ਕੋਈ ਐਮਰਜੈਂਸੀ ਨਹੀਂ ਹੁੰਦੀ ਜਾਂ ਤੁਸੀਂ ਆਪਣੀ ਸਹਿਮਤੀ ਨਹੀਂ ਦਿੰਦੇ ਹੋ। |
| *ਸਾਡੇ ਵੱਲੋਂ ਭੇਜੇ ਗਏ ਨੋਟਿਸ* | 5.10 | ਖ਼ਪਤਕਾਰ ਸੁਰੱਖਿਆ ਜਾਬਤਾ ਉਸ ਤਰੀਕੇ ਨਾਲ ਸ਼ਰਤਾਂ ਲਗਾਉਂਦਾ ਹੈ ਜਿਸ ਵਿੱਚ ਅਸੀਂ ਤੁਹਾਨੂੰ ਇਸ ਇਕਰਾਰਨਾਮੇ ਦੇ ਤਹਿਤ ਲਿਖਤੀ ਨੋਟਿਸ ਦੇ ਸਕਦੇ ਹਾਂ। |
| *ਪਾਣੀ ਦੀ ਜਾਂਚ* | 5.12 | ਤੁਸੀਂ ਸਾਨੂੰ (ਜਾਂ ਇੱਕ *ਮਾਨਤਾ ਪ੍ਰਾਪਤ* ਸੇਵਾ ਪ੍ਰਦਾਤਾ ਨੂੰ) ਆਪਣੀ ਜਾਇਦਾਦ ਨੂੰ ਸਪਲਾਈ ਕੀਤੇ ਜਾਂਦੇ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਕਹਿ ਸਕਦੇ ਹੋ, ਤਾਂ ਜੋ ਇਹ ਪਬਲਿਕ ਹੈਲਥ (ਪੀਣ ਵਾਲਾ ਪਾਣੀ) ਕੋਡ ਆਫ਼ ਪ੍ਰੈਕਟਿਸ ਦੇ ਅਨੁਸਾਰ ਹੋਵੇ, ਜਾਂ ਕਿਸੇ ਲਾਗੂ ਟੈਕਨੀਕਲ ਕੋਡ ਦੇ ਤਹਿਤ ਪਾਣੀ ਦੀ ਮਾਤਰਾ ਦੀ ਪਾਲਣਾ ਕਰਨ ਲਈ ਪਾਣੀ ਦੀ ਮਾਤਰਾ ਦੀ ਜਾਂਚ ਕਰਨ ਲਈ ਵੀ ਬੇਨਤੀ ਕਰ ਸਕਦੇ ਹੋ। |
| ਸੇਵਾ ਦੇਣ ਵਿੱਚ ਨਾਕਾਮੀ ਹੋਣ 'ਤੇ ਛੋਟਾਂ | 5.13 | ਅਸੀਂ ਟੈਸਟ ਦੀ ਲਾਗਤ ਵਾਪਸ ਕਰ ਦੇਵਾਂਗੇ ਜੇਕਰ ਇਹ ਦਰਸਾਉਂਦਾ ਹੈ ਕਿ ਪਾਣੀ ਉਹਨਾਂ ਮਿਆਰਾਂ ਦੀ ਪਾਲਣਾ ਨਹੀਂ ਕਰਦਾ ਹੈ। |
| *ਸੀਵਰੇਜ਼ ਦਾ ਉਛਲਣਾ* | 5.14 | ਜੇਕਰ ਸਾਡੇ ਨੈੱਟਵਰਕ ਵਿੱਚ ਕਿਸੇ ਨੁਕਸ ਦੇ ਕਾਰਨ ਤੁਹਾਡੇ ਅਹਾਤੇ ਵਿੱਚ ਸੀਵਰੇਜ਼ ਉਛਲ ਜਾਂਦਾ ਹੈ, ਤਾਂ ਅਸੀਂ ਨੁਕਸਾਨ ਨੂੰ ਘੱਟ ਕਰਨ ਅਤੇ ਸੀਵਰੇਜ਼ ਨੂੰ ਸਾਫ਼ ਕਰਨ ਵਿੱਚ ਤੁਹਾਡੀ ਮੱਦਦ ਕਰਾਂਗੇ, ਸਿਵਾਏ ਇਸ ਹੱਦ ਤੱਕ ਕਿ ਇਸ ਨੁਕਸ ਵਿੱਚ ਇਸ ਇਕਰਾਰਨਾਮੇ ਦੇ ਅਧੀਨ ਤੁਹਾਡੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਤੁਹਾਡੀ ਕੋਈ ਵੀ ਨਾ-ਕਾਮਯਾਬੀ ਕਾਰਨ ਬਣੀ ਹੈ ਜਾਂ ਨੁਕਸ ਵਿੱਚ ਯੋਗਦਾਨ ਪਾਇਆ ਹੈ। |
| *ਸਾਡੇ ਨੈੱਟਵਰਕ ਵਿੱਚ ਆਏ ਪਲੰਬਿੰਗ ਨੁਕਸ* | 5.15 | ਜੇ ਤੁਸੀਂ ਆਪਣੀ ਜਾਇਦਾਦ 'ਤੇ ਪਲੰਬਿੰਗ ਜਾਂ ਡਰੇਨ ਸੰਬੰਧੀ ਸਮੱਸਿਆ ਦੀ ਜਾਂਚ ਕਰਦੇ ਹੋ ਅਤੇ ਇਹ ਪਤਾ ਲਗਾਉਂਦੇ ਹੋ ਕਿ ਨੁਕਸ ਸਾਡੇ ਨੈੱਟਵਰਕ ਵਿੱਚ ਹੈ, ਤਾਂ ਅਸੀਂ ਉਸ ਜਾਂਚ ਨਾਲ ਸੰਬੰਧਿਤ ਕੰਮ ਲਈ ਤੁਹਾਡੇ ਦੁਆਰਾ ਕੀਤੇ ਗਏ ਵਾਜਬ ਖ਼ਰਚਿਆਂ ਦੀ ਭਰਪਾਈ ਕਰਾਂਗੇ (ਯੰਤਰ ਦੀ ਖ਼ਰਾਬੀ ਜਾਂ ਹੋਏ ਨੁਕਸਾਨ ਤੋਂ ਇਲਾਵਾ ਜਿਵੇਂ ਕਿ ਇਲੈਕਟ੍ਰਿਕ ਈਲ ਜਾਂ ਸੀਸੀਟੀਵੀ ਕੈਮਰਾ ਲਈ)। ਉਹ ਵਾਜਬ ਖ਼ਰਚੇ ਜਿਨ੍ਹਾਂ ਦੀ ਅਸੀਂ ਭਰਪਾਈ ਕਰਾਂਗੇ, ਉਹ ਸਾਡੀਆਂ ਭਰਪਾਈ ਦੀਆਂ ਮਿਆਰੀ ਦਰਾਂ ਵਿੱਚ ਤੈਅ ਕੀਤੇ ਗਏ ਹਨ ਜੋ ਕਿ ਸਾਡੀ ਵੈੱਬਸਾਈਟ 'ਤੇ ਇੱਥੇ ਉਪਲਬਧ ਹੈ ਜਾਂ ਬੇਨਤੀ ਕਰਨ 'ਤੇ ਸਾਡੇ ਵੱਲੋਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਆਈਕਨ ਵਾਟਰ ਇਨ੍ਹਾਂ ਦਰਾਂ ਤੋਂ ਵੱਧ ਦੀ ਭਰਪਾਈ ਲਈ ਕੀਤੇ ਦਾਅਵਿਆਂ ਲਈ ਜਵਾਬਦੇਹ ਨਹੀਂ ਹੈ। ਭਰਪਾਈ ਲਈ ਕੀਤੇ ਦਾਅਵਿਆਂ ਦੇ ਨਾਲ ਲਾਇਸੈਂਸਸ਼ੁਦਾ ਪਲੰਬਰ ਜਾਂ ਡਰੇਨਰ ਦਾ ਬਿੱਲ (ਇਨਵੌਇਸ) ਅਤੇ ਜਾਂਚ ਰਿਪੋਰਟ ਲੱਗੀ ਹੋਣੀ ਚਾਹੀਦੀ ਹੈ। ਵਧੇਰੇ ਵੇਰਵਿਆਂ ਲਈ ਸਾਡੀ ਪੁੱਛਗਿੱਛ ਲਾਈਨ ਨੂੰ 6248 3111 (ਵਿਕਲਪ 3) 'ਤੇ ਫ਼ੋਨ ਕਰੋ। |

*ਅਣਪਛਾਤੇ ਲੀਕ*

5.16 ਜੇਕਰ ਤੁਸੀਂ ਪਾਣੀ ਦੀ ਖ਼ਪਤ ਵਿੱਚ ਬਹੁਤ ਜ਼ਿਆਦਾ ਵਾਧਾ ਅਤੇ ਪਾਣੀ ਦੇ ਖਾਤੇ ਦਾ ਬਿੱਲ ਆਮ ਨਾਲੋਂ ਵੱਧ ਆਇਆ ਅਨੁਭਵ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੀ ਜਾਇਦਾਦ ਵਿੱਚ ਕੋਈ ਅਣ-ਪਛਾਤਾ ਲੀਕ ਹੋਵੇ। ਜੇਕਰ ਇਹ ਅਣ-ਪਛਾਤਾ ਲੀਕ *ਤੁਹਾਡੇ ਯੰਤਰ* ਵਿਚਲੇ ਨੁਕਸਾਨ ਕਾਰਨ ਹੁੰਦਾ ਹੈ, ਤਾਂ ਤੁਸੀਂ ਅਣਪਛਾਤੇ ਲੀਕ ਦੇ ਕਾਰਨ ਹੋਏ ਪਾਣੀ ਦੇ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋ।

*ਸਾਡੇ ਦੁਆਰਾ ਤੁਹਾਡੀ ਜਾਇਦਾਦ 'ਤੇ ਕੀਤਾ ਗਿਆ ਕੰਮ*

5.17 ਜੇਕਰ ਅਸੀਂ ਤੁਹਾਡੀ ਜਾਇਦਾਦ ਜਾਂ ਘਾਹ ਪੱਟੀ 'ਤੇ ਕੰਮ ਕਰਦੇ ਹਾਂ, ਤਾਂ ਸਾਨੂੰ ਜਾਇਦਾਦ ਨੂੰ ਉਸੇ ਤਰ੍ਹਾਂ ਦੀ ਸਥਿਤੀ ਵਿੱਚ ਬਹਾਲ ਕਰਨ ਲਈ ਉਚਿਤ ਕਦਮ ਚੁੱਕਣ ਦੀ ਲੋੜ ਹੁੰਦੀ ਹੈ, ਜਦੋਂ ਤੱਕ ਕਿ ਇਸ ਵਿੱਚ ਇਹ ਸ਼ਾਮਲ ਨਾ ਹੋਣ:

(a) ਨੈੱਟਵਰਕ ਸਹੂਲਤ ਵਿੱਚ ਦਖ਼ਲ; ਜਾਂ

(b) ACT ਕਾਨੂੰਨ ਦੀ ਉਲੰਘਣਾ।

*ਤੁਸੀਂ ਕੁਨੈਕਸ਼ਨ ਬੰਦ ਕਰਨ ਦੀ ਬੇਨਤੀ ਕਰ ਸਕਦੇ ਹੋ*

5.18 ਜੇਕਰ ਤੁਸੀਂ ਜਾਇਦਾਦ ਵੇਚ ਰਹੇ ਹੋ ਤਾਂ ਤੁਹਾਨੂੰ ਜਾਇਦਾਦ ਦਾ ਕੁਨੈਕਸ਼ਨ ਕਟਵਾਉਣ ਦੀ ਲੋੜ ਨਹੀਂ ਹੈ, ਕਿਉਂਕਿ ਪਾਣੀ ਅਤੇ ਸੀਵਰੇਜ਼ ਖਾਤੇ ਨੂੰ ਕਨਵੈਂਨਸ਼ਿੰਗ ਪ੍ਰਕਿਰਿਆ ਦੇ ਹਿੱਸੇ ਵਜੋਂ ਵੰਡਿਆ ਜਾਵੇਗਾ।

5.19 ਹਾਲਾਂਕਿ, ਜੇਕਰ ਹੋਰ ਕਾਰਨਾਂ ਕਰਕੇ ਤੁਸੀਂ ਜਲ ਸਪਲਾਈ ਜਾਂ *ਸੀਵਰੇਜ਼ ਸੇਵਾਵਾਂ* ਨੂੰ ਪੱਕੇ ਤੌਰ 'ਤੇ ਬੰਦ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ ਲਿਖਤੀ ਜਾਂ ਵਿਅਕਤੀਗਤ ਤੌਰ 'ਤੇ ਅਰਜ਼ੀ ਦੇ ਸਕਦੇ ਹੋ ਅਤੇ ਫਿਰ *ਸਾਡੀਆਂ ਸੁਵਿਧਾ ਸ਼ਰਤਾਂ* ਮੁਤਾਬਕ ਪ੍ਰਕਿਰਿਆਵਾਂ ਲਾਗੂ ਹੋਣਗੀਆਂ।

## ਖ਼ਰਚੇ (ਕੀਮਤਾਂ)

*ਖ਼ਰਚਿਆਂ ਦੀ ਅਨੁਸੂਚੀ*

6.1 *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਲਈ ਸਾਡੇ ਖ਼ਰਚੇ ਸਾਡੇ *ਖ਼ਰਚਿਆਂ ਦੀ ਅਨੁਸੂਚੀ* ਵਿੱਚ ਦਰਸਾਏ ਗਏ ਹਨ। ਸਾਡੀ *ਖ਼ਰਚਿਆਂ ਦੀ ਅਨੁਸੂਚੀ* ਇਸ ਇਕਰਾਰਨਾਮੇ ਦੀਆਂ ਸ਼ਰਤਾਂ ਦਾ ਹਿੱਸਾ ਹੈ ਅਤੇ ਇਸਨੂੰ ਲਾਜ਼ਮੀ ਤੌਰ 'ਤੇ ਇਸ ਇਕਰਾਰਨਾਮੇ ਦੇ ਨਾਲ ਜੋੜ ਕੇ ਪੜ੍ਹਿਆ ਜਾਣਾ ਚਾਹੀਦਾ ਹੈ। ਸਾਡੇ *ਖ਼ਰਚਿਆਂ ਦੀ ਅਨੁਸੂਚੀ* ਦੀ ਇੱਕ ਕਾਪੀ ਸਾਡੇ ਤੋਂ, ਬੇਨਤੀ ਕਰਨ 'ਤੇ ਜਾਂ ਆਈਕਨ ਵਾਟਰ ਦੀ ਵੈੱਬਸਾਈਟ www.iconwater.com.au ਤੋਂ ਮੁਫ਼ਤ ਵਿੱਚ ਉਪਲਬਧ ਹੈ। ਜੇਕਰ ਤੁਸੀਂ ਇੱਕ ਚੈਰਿਟੀ, ਸਕੂਲ, ਚਰਚ ਜਾਂ ਪਰਉਪਕਾਰੀ ਸੰਸਥਾ ਹੋ ਤਾਂ ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ ਕਿ ਅਸੀਂ ਤੁਹਾਡੀ ਸਥਿਤੀ ਤੋਂ ਜਾਣੂ ਹਾਂ ਕਿਉਂਕਿ ਇਸ ਲਈ ਕੁੱਝ ਖ਼ਰਚੇ ਘੱਟ ਹਨ (ਵੇਰਵਿਆਂ ਲਈ *ਖ਼ਰਚਿਆਂ ਦੀ ਅਨੁਸੂਚੀ* ਦੇਖੋ)।

*ਖ਼ਰਚਿਆਂ ਦੀ ਸ਼ੁਰੂਆਤ*

6.2 ਤੁਹਾਨੂੰ ਤੁਹਾਡੀ ਜਾਇਦਾਦ ਦੀ ਮਲਕੀਅਤ ਤੁਹਾਡੇ ਨਾਮ 'ਤੇ ਤਬਾਦਲਾ ਕੀਤੇ ਜਾਣ ਦੀ ਮਿਤੀ ਤੋਂ ਲੈ ਕੇ ਤੁਹਾਡੀ ਜਾਇਦਾਦ ਵਿਚਲੀਆਂ *ਪਾਣੀ ਦੀਆਂ ਸੇਵਾਵਾਂ* ਅਤੇ *ਸੀਵਰੇਜ਼ ਸੇਵਾਵਾਂ* ਦੇ ਪ੍ਰਬੰਧ ਲਈ ਸਾਨੂੰ ਭੁਗਤਾਨ ਕਰਨਾ ਚਾਹੀਦਾ ਹੈ। ਆਈਕਨ ਵਾਟਰ ਨੂੰ ਆਮ ਤੌਰ 'ਤੇ ਮਾਲਕੀ ਦੇ ਤਬਾਦਲੇ ਦੀ ਜਾਣਕਾਰੀ ਰਜਿਸਟਰਾਰ-ਜਨਰਲ ਦੇ ਦਫ਼ਤਰ ਰਾਹੀਂ ਦੇ ਦਿੱਤੀ ਜਾਂਦੀ ਹੈ। ਖਾਤਾ ਬਣਾਉਣਾ ਜਾਇਦਾਦ 'ਤੇ ਨਾਮ ਤਬਾਦਲਾ ਹੋਣ ਤੋਂ ਬਾਅਦ ਹੋਵੇਗਾ ਅਤੇ ਸੰਬੰਧਿਤ ਮਲਕੀਅਤ ਨਾਮ ਤਬਾਦਲਾ ਹੋਣ ਦੀ ਮਿਤੀ ਤੱਕ ਪਿਛਲੀ ਤਾਰੀਖ਼ ਤੋਂ ਲੈ ਕੇ ਕੀਤਾ ਜਾਵੇਗਾ। ਤੁਸੀਂ *ਯੂਟੀਲਿਟੀਜ਼ ਐਕਟ 2000* ਦੇ ਤਹਿਤ ਪਿਛਲੇ ਮਾਲਕ ਵੱਲੋਂ ਕਿਸੇ ਵੀ ਅਦਾਇਗੀ ਨਾ ਕੀਤੇ ਗਏ ਪਾਣੀ ਅਤੇ ਸੀਵਰੇਜ਼ ਦੇ ਖ਼ਰਚਿਆਂ ਲਈ ਵੀ ਦੇਣਦਾਰ ਹੋਵੋਗੇ। ਵੇਰਵਿਆਂ ਲਈ ਧਾਰਾ 5.3 ਵੇਖੋ।

*ਜਾਇਦਾਦ ਨਾ ਜੁੜੇ ਹੋਣ ਦੇ ਖ਼ਰਚੇ*

6.3 ਅਸੀਂ ਤੁਹਾਡੀ ਜਾਇਦਾਦ ਲਈ *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਉਪਲਬਧ ਕਰਾਉਣ ਲਈ ਤੁਹਾਡੇ ਤੋਂ ਖ਼ਰਚਾ ਲੈ ਸਕਦੇ ਹਾਂ ਭਾਵੇਂ ਜਲ ਸੇਵਾਵਾਂ ਜਾਂ ਸੀਵਰੇਜ਼ ਸੇਵਾਵਾਂ ਤੁਹਾਡੀ ਜਾਇਦਾਦ ਨਾਲ ਨਾ ਵੀ ਜੁੜੀਆਂ ਹੋਣ, ਜਿਸ ਵਿੱਚ ਖ਼ਾਲੀ ਪਾਈ ਜ਼ਮੀਨ ਅਤੇ ਕਾਰਪਾਰਕ ਸ਼ਾਮਲ ਹਨ ਪਰ ਇਹ ਇਨ੍ਹਾਂ ਤੱਕ ਸੀਮਤ ਨਹੀਂ ਹੈ। ਇਹ ਤੁਹਾਡੀ ਜਾਇਦਾਦ ਦਾ ਸਾਡੇ ਜਲ ਨੈੱਟਵਰਕ ਅਤੇ ਸੀਵਰੇਜ਼ ਨੈੱਟਵਰਕ ਤੱਕ ਪਹੁੰਚ ਰੱਖਣ ਦਾ ਖ਼ਰਚਾ ਹੈ।

*ਪੂੰਜੀਗਤ ਯੋਗਦਾਨ ਖ਼ਰਚਾ*

6.4 ਧਾਰਾ 2.19 ਨੂੰ ਸੀਮਿਤ ਕੀਤੇ ਬਿਨਾਂ, ਅਸੀਂ ਤੁਹਾਡੇ ਕੋਲੋਂ *ਯੂਟੀਲਿਟੀਜ਼ ਐਕਟ 2000* ਦੇ ਅਧੀਨ ਬਣਾਏ ਗਏ ਪਾਣੀ ਅਤੇ ਸੀਵਰੇਜ਼ ਲਈ ਪੂੰਜੀਗਤ ਯੋਗਦਾਨ ਪਾਉਣ ਸੰਬੰਧੀ ਜਾਬਤੇ ਵਿੱਚ ਗਾਹਕਾਂ ਦੁਆਰਾ ਭੁਗਤਾਨ ਕਰਨਯੋਗ ਦਰਸਾਈਆਂ ਗਈਆਂ ਕੀਮਤਾਂ ਅਤੇ ਖ਼ਰਚਿਆਂ ਲਈ ਖ਼ਰਚਾ ਲੈ ਵੀ ਸਕਦੇ ਹਾਂ, ਅਤੇ ਤੁਹਾਨੂੰ ਭੁਗਤਾਨ ਲਾਜ਼ਮੀ ਕਰਨਾ ਪਵੇਗਾ।

6.5 ਭੁਗਤਾਨ ਦੀ ਰਕਮ ਪਾਣੀ ਅਤੇ ਸੀਵਰੇਜ਼ ਲਈ ਪੂੰਜੀਗਤ ਯੋਗਦਾਨ ਪਾਉਣ ਸੰਬੰਧੀ ਜਾਬਤੇ ਅਨੁਸਾਰ ਸਾਡੇ ਦੁਆਰਾ ਤੈਅ ਕੀਤੀ ਜਾਵੇਗੀ। ਪਾਣੀ ਅਤੇ ਸੀਵਰੇਜ਼ ਲਈ ਪੂੰਜੀਗਤ ਯੋਗਦਾਨ ਪਾਉਣ ਸੰਬੰਧੀ ਜਾਬਤੇ ਵਿੱਚ ਦਰਸਾਏ ਗਏ ਚੌਗਿਰਦੇ ਸੰਬੰਧੀ ਖ਼ਰਚਿਆ ਨੂੰ ਸਾਡੀ *ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* ਵਿੱਚ ਦਿਖਾਇਆ ਗਿਆ ਹੈ। ਸਾਡੀ *ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* ਦੀ ਇੱਕ ਕਾਪੀ ਸਾਡੇ ਤੋਂ, ਬੇਨਤੀ ਕਰਨ 'ਤੇ ਜਾਂ ਆਈਕਨ ਵਾਟਰ ਦੀ ਵੈੱਬਸਾਈਟ www.iconwater.com.au 'ਤੇ ਮੁਫ਼ਤ ਵਿੱਚ ਉਪਲਬਧ ਹੈ।

*ਹੋਰ ਖ਼ਰਚੇ*

6.6 ਤੁਹਾਨੂੰ ਲਾਜ਼ਮੀ ਤੌਰ 'ਤੇ ਸਾਨੂੰ ਕਿਸੇ ਵੀ ਹੋਰ ਰਕਮ ਦਾ ਭੁਗਤਾਨ ਕਰਨਾ ਚਾਹੀਦਾ ਹੈ ਜੋ ਸਾਨੂੰ *ਕਾਨੂੰਨ* ਦੁਆਰਾ ਵਸੂਲੇ ਜਾਣ ਦੀ ਆਗਿਆ ਹੈ।

*ਛੋਟਾਂ ਅਤੇ ਰਿਆਇਤਾਂ*

6.7 ਤੁਸੀਂ *ਰਿਹਾਇਸ਼ੀ ਜਾਇਦਾਦ* ਲਈ ਸਾਡੇ ਪਾਣੀ ਦੀ ਖ਼ਪਤ ਦੇ ਮਿਆਰੀ ਖ਼ਰਚਿਆਂ 'ਤੇ ਛੋਟ ਲਈ ਯੋਗ ਹੋ ਸਕਦੇ ਹੋ, ਉਦਾਹਰਨ ਲਈ ਜੇਕਰ ਤੁਸੀਂ ਜੀਵਨ ਸਹਾਇਤਾ ਉਪਕਰਨਾਂ ਲੱਗੇ ਹੋਣ ਵਜੋਂ ਰਜਿਸਟਰਡ ਹੋ ਜੋ ਧਾਰਾ 2.5 ਦੇ ਅਧੀਨ *ਜਲ ਸੇਵਾਵਾਂ* 'ਤੇ ਨਿਰਭਰ ਹੈ। ਵੇਰਵਿਆਂ ਲਈ 6248 3111 (ਵਿਕਲਪ 2) 'ਤੇ ਸਾਡੀ ਅਕਾਊਂਟ ਲਾਈਨ ਨੂੰ ਫ਼ੋਨ ਕਰੋ।

*ਖਾਤਿਆਂ ਦਾ ਭੁਗਤਾਨ*

6.8 ਇਸ ਇਕਰਾਰਨਾਮੇ ਦੇ ਅਧੀਨ ਅਸੀਂ ਤੁਹਾਨੂੰ ਘੱਟੋ-ਘੱਟ ਹਰ 120 ਦਿਨਾਂ ਵਿੱਚ ਕਿਸੇ ਵੀ ਭੁਗਤਾਨ ਯੋਗ ਰਕਮ ਲਈ ਖਾਤੇ ਦਾ ਬਿੱਲ ਜਾਰੀ ਕਰਾਂਗੇ, ਜਦੋਂ ਤੱਕ ਤੁਸੀਂ ਕਿਸੇ ਹੋਰ ਪ੍ਰਬੰਧ ਸਹਿਮਤ ਨਹੀਂ ਹੁੰਦੇ ਹੋ।

6.9 ਹਰੇਕ ਖਾਤੇ ਵਿੱਚ ਖ਼ਪਤਕਾਰ ਸੁਰੱਖਿਆ ਜਾਬਤੇ ਦੁਆਰਾ ਲੋੜੀਂਦੀ ਜਾਣਕਾਰੀ ਸ਼ਾਮਲ ਹੋਵੇਗੀ।

6.10 ਤੁਹਾਨੂੰ ਲਾਜ਼ਮੀ ਤੌਰ 'ਤੇ ਖਾਤੇ 'ਤੇ ਦਿਖਾਈ ਗਈ ਨਿਯਤ ਬਕਾਇਆ ਮਿਤੀ ਤੱਕ ਖਾਤੇ ਦਾ ਭੁਗਤਾਨ ਕਰਨਾ ਚਾਹੀਦਾ ਹੈ। ਇਹ ਨਿਯਤ ਬਕਾਇਆ ਮਿਤੀ ਬਿੱਲ ਦੇ ਜਾਰੀ ਹੋਣ ਦੀ ਮਿਤੀ ਤੋਂ ਘੱਟੋ-ਘੱਟ 21 ਦਿਨ ਬਾਅਦ ਦੀ ਹੋਵੇਗੀ।

6.11 ਭੁਗਤਾਨ ਇਨ੍ਹਾਂ ਰਾਹੀਂ ਕੀਤਾ ਜਾ ਸਕਦਾ ਹੈ:

(a) ਡਾਕ ਦੁਆਰਾ;

(b) ਸਾਡੇ ਕਿਸੇ ਵੀ ਮਨੋਨੀਤ ਦਫ਼ਤਰਾਂ ਵਿੱਚ ਵਿਅਕਤੀਗਤ ਤੌਰ 'ਤੇ ਜਾ ਕੇ;

(c) ਨਕਦ ਜਾਂ ਚੈੱਕ, ਡਾਇਰੈਕਟ ਡੈਬਿਟ ਜਾਂ ਖ਼ਪਤਕਾਰ ਸੁਰੱਖਿਆ ਜਾਬਤੇ ਅਨੁਸਾਰ ਸਾਡੇ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਹੋਰ ਵਿਧੀ ਦੁਆਰਾ।

6.12 ਕੋਈ ਵੀ ਰਕਮ ਜੋ ਨਿਯਤ ਬਕਾਇਆ ਮਿਤੀ ਤੋਂ 14 ਦਿਨਾਂ ਬਾਅਦ ਵੀ ਅਦਾ ਨਹੀਂ ਕੀਤੀ ਜਾਂਦੀ ਹੈ (ਜਾਂ ਕਿਸੇ ਅਜਿਹੀ ਵਿਧੀ ਦੁਆਰਾ ਅਦਾ ਕੀਤੀ ਜਾਂਦੀ ਹੈ ਜੋ ਬਾਅਦ ਵਿੱਚ ਬਾਊਂਸ ਜਾਂ ਰੱਦ ਹੋ ਜਾਂਦੀ ਹੈ), ਤੁਹਾਡੇ ਉਪਰ ਇੱਕ ਕਰਜ਼ਾ ਹੈ ਅਤੇ ਅਸੀਂ ਉਸ ਉੱਪਰ ਅਸਲ ਨਿਯਤ ਬਕਾਇਆ ਮਿਤੀ ਤੋਂ ਲੈ ਕੇ ਭੁਗਤਾਨ ਕਰਨ ਦੀ ਮਿਤੀ ਤੱਕ ਲਈ ਤੁਹਾਡੇ ਤੋਂ *ਵਿਆਜ* ਲੈ ਸਕਦੇ ਹਾਂ।

*ਖਾਤਿਆਂ ਵਿੱਚ ਤਰੁੱਟੀਆਂ*

6.13 ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਤੁਹਾਡੇ ਤੋਂ ਵੱਧ ਖ਼ਰਚਾ (ਓਵਰਚਾਰਜ) ਲਿਆ ਗਿਆ ਹੈ, ਤਾਂ ਅਸੀਂ ਤੁਰੰਤ ਤੁਹਾਡੇ ਖਾਤੇ ਵਿੱਚ ਵੱਧ ਲਏ ਗਏ ਖ਼ਰਚੇ ਦੀ ਰਕਮ ਨੂੰ ਕ੍ਰੈਡਿਟ ਕਰਾਂਗੇ।

6.14 ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਤੁਹਾਡੇ ਤੋਂ ਘੱਟ ਖ਼ਰਚਾ ਲਿਆ ਹੈ, ਤਾਂ ਅਸੀਂ ਤੁਹਾਡੇ ਤੋਂ ਘੱਟ ਖ਼ਰਚਾ ਲਈ ਗਈ ਰਕਮ ਨੂੰ ਇਕੱਠਾ ਕਰਨ ਲਈ ਤੁਹਾਡੇ ਖਾਤੇ ਵਿੱਚ ਫੇਰ-ਬਦਲ ਕਰ ਸਕਦੇ ਹਾਂ। ਬਸ਼ਰਤੇ ਕਿ ਤੁਸੀਂ ਘੱਟ ਖ਼ਰਚਾ ਲਏ ਜਾਣ ਵਿੱਚ ਯੋਗਦਾਨ ਨਹੀਂ ਪਾਇਆ ਹੈ, ਖ਼ਪਤਕਾਰ ਸੁਰੱਖਿਆ ਜਾਬਤੇ ਦੇ ਅਨੁਸਾਰ ਸਾਡਾ ਪਿੱਛੇ ਤੋਂ ਖ਼ਰਚਾ ਵਸੂਲਣਾ 12 ਮਹੀਨਿਆਂ ਤੋਂ ਵੱਧ ਤੱਕ ਪਿੱਛੇ ਨਹੀਂ ਜਾ ਸਕਦਾ ਹੈ ਅਤੇ ਅਸੀਂ ਤੁਹਾਨੂੰ ਘੱਟ ਖ਼ਰਚਾ ਲਏ ਜਾਣ ਦੀ ਰਕਮ ਦਾ ਭੁਗਤਾਨ ਕਰਨ ਲਈ ਵਾਧੂ ਸਮਾਂ ਵੀ ਦੇਵਾਂਗੇ।

*ਵਿਵਾਦਿਤ ਖਾਤੇ*

6.15 ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਤੋਂ ਵੱਧ ਖ਼ਰਚਾ ਲਿਆ ਗਿਆ ਹੈ, ਤਾਂ ਤੁਸੀਂ:

(a) ਪੂਰੇ ਖਾਤੇ ਦਾ ਭੁਗਤਾਨ ਕਰ ਸਕਦੇ ਹੋ ਅਤੇ ਸਾਡੇ ਨਾਲ ਮਾਮਲਾ ਉਠਾ ਸਕਦੇ ਹੋ। ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਤੁਹਾਡੇ ਤੋਂ ਵੱਧ ਖ਼ਰਚਾ ਲਿਆ ਗਿਆ ਹੈ, ਤਾਂ ਅਸੀਂ ਤੁਹਾਨੂੰ ਖਾਤੇ ਦਾ ਭੁਗਤਾਨ ਕਰਨ ਦੀ ਮਿਤੀ ਤੋਂ ਵੱਧ ਭੁਗਤਾਨ 'ਤੇ *ਵਿਆਜ* ਦਾ ਭੁਗਤਾਨ ਕਰ ਸਕਦੇ ਹਾਂ; ਜਾਂ

(b) ਵਿਵਾਦਿਤ ਰਕਮ ਦਾ ਭੁਗਤਾਨ ਕਰਨਾ ਰੋਕ ਸਕਦੇ ਹੋ ਅਤੇ ਬਾਕੀ ਖਾਤੇ ਦਾ ਭੁਗਤਾਨ ਕਰ ਸਕਦੇ ਹੋ। ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਉਹ ਹਿੱਸਾ ਜਾਂ ਸਾਰੀ ਵਿਵਾਦਿਤ ਰਕਮ ਸਹੀ ਢੰਗ ਨਾਲ ਵਸੂਲੀ ਜਾ ਰਹੀ ਸੀ, ਤਾਂ ਅਸੀਂ ਅਸਲ ਨਿਯਤ ਬਕਾਇਆ ਮਿਤੀ ਤੋਂ 14 ਦਿਨਾਂ ਬਾਅਦ ਤੱਕ ਤੋਂ ਲੈ ਕੇ ਤੁਹਾਡੇ ਤੋਂ *ਵਿਆਜ* ਵਸੂਲ ਸਕਦੇ ਹਾਂ।

6.16 ਅਸੀਂ ਖਾਤਿਆਂ ਬਾਰੇ ਕਿਸੇ ਵੀ ਵਿਵਾਦ ਨੂੰ ਖ਼ਪਤਕਾਰ ਸੁਰੱਖਿਆ ਜਾਬਤੇ ਦੇ ਅਨੁਸਾਰ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ।

*ਜੀ.ਐਸ.ਟੀ (GST)*

6.17 *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਦਾ ਪ੍ਰਬੰਧ GST ਲਏ ਜਾਣ ਦੇ ਅਧੀਨ ਨਹੀਂ ਹੈ, ਪਰ ਕੁੱਝ ਹੋਰ ਸੇਵਾਵਾਂ ਜੋ ਸਾਡੇ ਦੁਆਰਾ ਤੁਹਾਨੂੰ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਲਈ GST ਲੱਗ ਸਕਦੀ ਹੈ। *ਖ਼ਰਚਿਆਂ ਦੀ ਅਨੁਸੂਚੀ* ਅਤੇ *ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* ਦਰਸਾਉਂਦੀ ਹੈ ਕਿ ਕਿਹੜੀਆਂ ਸੇਵਾਵਾਂ ਲਈ GST ਲੱਗ ਸਕਦੀ ਹੈ ਅਤੇ ਕਿਹੜੀਆਂ ਲਈ ਨਹੀਂ।

## ਕੀ ਤੁਹਾਨੂੰ ਜ਼ਾਮਨੀ ਦੇ ਤੌਰ 'ਤੇ ਪੇਸ਼ਗੀ ਰਕਮ (ਸਕਿਊਰਿਟੀ ਡਿਪਾਜ਼ਿਟ) ਦੇਣ ਦੀ ਲੋੜ ਹੋ ਸਕਦੀ ਹੈ?

7.1 ਜੇਕਰ ਸਾਡੇ ਦੁਆਰਾ ਲੋੜੀਂਦਾ ਹੋਵੇ ਤਾਂ ਤੁਹਾਡੀ ਵੱਲੋਂ ਸਾਨੂੰ ਪੇਸ਼ਗੀ ਰਕਮ ਦਿੱਤੀ ਜਾਣੀ ਲਾਜ਼ਮੀ ਹੈ।

7.2 ਸਾਨੂੰ ਖ਼ਪਤਕਾਰ ਸੁਰੱਖਿਆ ਜਾਬਤੇ ਦੁਆਰਾ ਆਗਿਆ ਦਿੱਤੇ ਅਨੁਸਾਰ ਸਿਰਫ਼ ਇੱਕ ਪੇਸ਼ਗੀ ਰਕਮ ਲਏ ਜਾਣ ਦੀ ਹੀ ਲੋੜ ਹੋ ਸਕਦੀ ਹੈ।

7.3 ਜੇਕਰ ਤੁਸੀਂ ਇਸ ਇਕਰਾਰਨਾਮੇ ਦੇ ਤਹਿਤ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਨਾਕਾਮ ਰਹਿੰਦੇ ਹੋ ਤਾਂ ਅਸੀਂ ਤੁਹਾਡੇ ਦੁਆਰਾ ਦਿੱਤੀ ਗਈ ਪੇਸ਼ਗੀ ਰਕਮ ਵਿੱਚੋਂ ਇਹ ਰਕਮ ਲੈ ਸਕਦੇ ਹਾਂ।

7.4 ਜੇਕਰ ਤੁਸੀਂ 12 ਮਹੀਨਿਆਂ ਦੀ ਨਿਰੰਤਰ ਮਿਆਦ ਲਈ ਨਿਯਤ ਬਕਾਇਆ ਮਿਤੀ ਤੱਕ ਆਪਣੇ ਖਾਤਿਆਂ ਦਾ ਭੁਗਤਾਨ ਕਰਦੇ ਹੋ ਤਾਂ ਤੁਸੀਂ ਆਪਣੀ ਪੇਸ਼ਗੀ ਰਕਮ (ਨਾਲ ਹੀ ਕੋਈ *ਵਿਆਜ*) ਵਾਪਸ ਪ੍ਰਾਪਤ ਕਰਨ ਦੇ ਹੱਕਦਾਰ ਹੋ।

## ਤੁਹਾਡੀ ਪਾਣੀ ਦੀ ਖ਼ਪਤ ਨੂੰ ਮਾਪਣਾ

*ਮੀਟਰ ਰੀਡਿੰਗ ਅਤੇ ਨਿਰੀਖਣ ਜਾਂਚ*

8.1 ਜੇਕਰ ਇਸਦੇ ਉਲਟ ਕੋਈ ਸਬੂਤ ਨਹੀਂ ਮਿਲਦਾ, ਤਾਂ ਤੁਹਾਡੀ ਜਾਇਦਾਦ ਨੂੰ ਸਪਲਾਈ ਕੀਤੇ ਗਏ ਪਾਣੀ ਦੀ ਮਾਤਰਾ ਨੂੰ ਮੀਟਰਿੰਗ ਉਪਕਰਣ ਦੁਆਰਾ ਦਰਜ ਕੀਤੀ ਗਈ ਮਾਤਰਾ ਮੰਨਿਆ ਜਾਂਦਾ ਹੈ।

8.2 ਅਸੀਂ ਹਰ ਖਾਤਾ ਅਵਧੀ ਦੌਰਾਨ ਤੁਹਾਡੀ ਜਾਇਦਾਦ 'ਤੇ ਪਾਣੀ ਦੇ ਮੀਟਰ ਦੀ ਰੀਡਿੰਗ ਦਾ ਪ੍ਰਬੰਧ ਕਰਾਂਗੇ ਜਾਂ ਫ਼ਿਰ 8.9 ਤੋਂ 8.11 ਦੀ ਅਨੁਮਤੀ ਦੇ ਅਨੁਸਾਰ ਮਿਆਦ ਲਈ ਤੁਹਾਡੀ ਖ਼ਪਤ ਦਾ ਅੰਦਾਜ਼ਾ ਲਗਾਵਾਂਗੇ।

*ਰੀਡਿੰਗਾਂ ਦੀ ਜਾਂਚ ਕਰਨਾ*

8.3 ਇਸਤੋਂ ਇਲਾਵਾ, ਬੇਨਤੀ ਕਰਨ 'ਤੇ ਅਸੀਂ ਹਾਲ ਹੀ ਵਿੱਚ ਲਈ ਗਈ ਮੀਟਰ ਰੀਡਿੰਗ ਦੀ ਸ਼ੁੱਧਤਾ ਦੀ ਜਾਂਚ ਕਰਾਂਗੇ। ਤੁਸੀਂ ਹਰੇਕ ਬਿੱਲ ਦੀ ਮਿਆਦ ਲਈ ਇੱਕ ਮੁਫ਼ਤ ਜਾਂਚ ਰੀਡਿੰਗ ਦੇ ਹੱਕਦਾਰ ਹੋ। ਵਾਧੂ ਜਾਂਚ ਰੀਡਿੰਗ ਲੈਣ ਦੀ ਫ਼ੀਸ ਤੁਹਾਡੇ ਖਾਤੇ ਵਿੱਚ ਜੋੜੀ ਜਾਵੇਗੀ, ਜਿਵੇਂ ਕਿ ਪਾਣੀ ਦੇ ਮੀਟਰ ਦੀ ਵਿਸ਼ੇਸ਼ ਰੀਡਿੰਗ ਲਈ ਫ਼ੀਸ ਦੇ ਰੂਪ ਵਿੱਚ *ਖ਼ਰਚਿਆ ਦੀ ਅਨੁਸੂਚੀ* ਵਿੱਚ ਦਿਖਾਇਆ ਗਿਆ ਹੈ।

8.4 ਅਸੀਂ ਬੇਨਤੀ ਕਰਨ 'ਤੇ ਤਾਜ਼ਾ ਜਾਣਕਾਰੀ ਪ੍ਰਦਾਨ ਕਰਾਂਗੇ ਤਾਂ ਜੋ ਤੁਹਾਨੂੰ ਹੋਰ ਜਾਂਚ ਰੀਡਿੰਗਾਂ ਜਾਂ ਮੀਟਰ ਟੈਸਟ ਕਰਨ ਲਈ ਬੇਨਤੀ ਕਰਨ ਦੀ ਬਜਾਏ ਖੁਦ ਬੁਨਿਆਦੀ ਮੀਟਰ ਰੀਡਿੰਗ ਕਰਨ ਦੀ ਆਗਿਆ ਦਿੱਤੀ ਜਾ ਸਕੇ।

*ਮੀਟਰਾਂ ਨੂੰ ਲਗਾਉਣਾ*

8.5 ਜੇਕਰ ਤੁਹਾਡੀ ਜਾਇਦਾਦ 'ਤੇ ਕਿਸੇ ਵੀ ਪੜਾਅ 'ਤੇ ਮੀਟਰ ਨਹੀਂ ਲਗਾਇਆ ਗਿਆ ਹੈ ਤਾਂ ਅਸੀਂ ਤੁਹਾਡੀ ਜਾਇਦਾਦ ਲਈ ਇੱਕ ਮਿਆਰੀ ਮੀਟਰ ਪ੍ਰਦਾਨ ਕਰਾਂਗੇ ਅਤੇ ਜੇਕਰ ਤੁਸੀਂ ਬੇਨਤੀ ਕਰਦੇ ਹੋ ਤਾਂ ਇੱਕ ਗ਼ੈਰ-ਮਿਆਰੀ ਮੀਟਰ ਪ੍ਰਦਾਨ ਕਰਾਂਗੇ। ਕੁੱਝ ਮਾਮਲਿਆਂ ਵਿੱਚ ਅਸੀਂ ਤੁਹਾਡੇ ਤੋਂ ਗ਼ੈਰ-ਮਿਆਰੀ ਮੀਟਰ ਲਗਵਾਉਣ ਦੀ ਮੰਗ ਕਰ ਸਕਦੇ ਹਾਂ।

8.6 ਤੁਹਾਨੂੰ ਉਸ ਵਿਅਕਤੀ ਦੁਆਰਾ ਮੀਟਰ ਲਗਾਏ ਜਾਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜੋ ਉਸ ਕਿਸਮ ਦਾ ਕੰਮ ਕਰਨ ਲਈ *ਮਾਨਤਾ ਪ੍ਰਾਪਤ* ਹੈ।

8.7 *ਰਿਹਾਇਸ਼ੀ ਜਾਇਦਾਦ ਲਈ* ਇੱਕ ਮਿਆਰੀ ਮੀਟਰ ਅਤੇ ਇੱਕ ਸ਼ੁਰੂਆਤੀ ਮੀਟਰ ਸੁਰੱਖਿਆ ਕਵਰ ਜਾਂ ਢਾਂਚਾ ਮੁਫ਼ਤ ਵਿੱਚ ਪ੍ਰਦਾਨ ਕੀਤਾ ਜਾਵੇਗਾ। ਜੇਕਰ ਗ਼ੈਰ-ਮਿਆਰੀ ਮੀਟਰ ਮੁਹੱਈਆ ਕੀਤਾ ਜਾਂਦਾ ਹੈ, ਤਾਂ ਅਸੀਂ ਤੁਹਾਡੇ ਤੋਂ ਸਿਰਫ਼ ਇੱਕ ਮਿਆਰੀ ਮੀਟਰ ਦੀ ਲਾਗਤ ਅਤੇ ਮੁਹੱਈਆ ਕਰਵਾਏ ਮੀਟਰ ਦੀ ਲਾਗਤ ਵਿਚਲਾ ਅੰਤਰ ਹੀ ਵਸੂਲਾਂਗੇ।

*ਮੀਟਰਾਂ ਦੀ ਮਲਕੀਅਤ*

8.8 ਤੁਹਾਡੀ ਜਾਇਦਾਦ 'ਤੇ ਲੱਗਿਆ ਮੁੱਖ ਵਾਟਰ ਮੀਟਰ ਸਾਡੀ ਜਾਇਦਾਦ ਹੀ ਰਹੇਗਾ। ਸੈਕੰਡਰੀ ਜਾਂ "ਕਟੌਤੀ" ਮੀਟਰ ਤੁਹਾਡੀ ਸੰਪਤੀ ਹਨ ਜਦੋਂ ਤੱਕ ਅਸੀਂ ਕਿਸੇ ਹੋਰ ਪ੍ਰਬੰਧ ਲਈ ਲਿਖਤੀ ਰੂਪ ਵਿੱਚ ਸਹਿਮਤ ਨਹੀਂ ਹੁੰਦੇ ਹਾਂ।

*ਤੁਹਾਡੀ ਪਾਣੀ ਦੀ ਖ਼ਪਤ ਦਾ ਅੰਦਾਜ਼ਾ ਲਗਾਉਣਾ*

8.9 ਅਸੀਂ ਕਿਸੇ ਵੀ ਖਾਤੇ ਦੀ ਮਿਆਦ ਲਈ ਤੁਹਾਡੀ ਜਾਇਦਾਦ ਨੂੰ ਸਪਲਾਈ ਕੀਤੇ ਗਏ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਗਾ ਸਕਦੇ ਹਾਂ ਜਿੱਥੇ:

(a) ਮੀਟਰਿੰਗ ਉਪਕਰਨ ਨੂੰ ਪੜ੍ਹਿਆ ਨਹੀਂ ਜਾ ਸਕਦਾ; ਜਾਂ

(b) ਮੀਟਰਿੰਗ ਉਪਕਰਨ ਤੁਹਾਡੀ ਜਾਇਦਾਦ 'ਤੇ ਲਗਾਇਆ ਨਹੀਂ ਗਿਆ ਹੈ।

ਅਸੀਂ ਉੱਥੇ ਵੀ ਤੁਹਾਡੀ ਜਾਇਦਾਦ ਨੂੰ ਸਪਲਾਈ ਕੀਤੇ ਗਏ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਵੀ ਲਗਾ ਸਕਦੇ ਹਾਂ ਜਿੱਥੇ:

(c) ਸਪਲਾਈ ਕੀਤੇ ਗਏ ਪਾਣੀ ਨੂੰ ਕਿਸੇ ਵੀ ਅਵਧੀ ਲਈ ਦਰਜ ਨਹੀਂ ਕੀਤਾ ਗਿਆ ਜਾਂ ਗ਼ਲਤ ਤਰੀਕੇ ਨਾਲ ਦਰਜ ਕੀਤਾ ਗਿਆ ਸੀ, ਉਸ ਤਾਰੀਖ਼ ਤੋਂ ਪਹਿਲਾਂ, ਜਦੋਂ ਤੋਂ ਅਸੀਂ ਇਹ ਜਾਣਦੇ ਹਾਂ ਕਿ:

- (i) ਮੀਟਰਿੰਗ ਉਪਕਰਨ ਬਿਲਕੁਲ ਵੀ ਕੰਮ ਨਹੀਂ ਕਰ ਰਿਹਾ ਹੈ;
- (ii) ਮੀਟਰਿੰਗ ਉਪਕਰਨ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ ਹੈ;
- (iii) ਤੁਹਾਡੀ ਜਾਇਦਾਦ ਵਿੱਚ ਮੀਟਰਿੰਗ ਉਪਕਰਨਾਂ ਵਿੱਚੋਂ ਲੰਘੇ ਬਿਨਾਂ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ; ਜਾਂ
- (iv) ਕਿਸੇ ਵੀ ਕਾਰਨ ਕਰਕੇ ਮੀਟਰਿੰਗ ਉਪਲਬਧ ਨਹੀਂ ਹੈ;

(d) ਸਾਡੇ ਇਸ ਬਾਰੇ ਜਾਣੂ ਹੋਣ ਤੋਂ ਪਹਿਲਾਂ ਸਪਲਾਈ ਕੀਤਾ ਗਿਆ ਪਾਣੀ ਕਿਸੇ ਵੀ ਸਮੇਂ ਲਈ ਰਜਿਸਟਰਡ ਨਹੀਂ ਕੀਤਾ ਗਿਆ ਸੀ ਜਾਂ ਗ਼ਲਤ ਤਰੀਕੇ ਨਾਲ ਰਜਿਸਟਰਡ ਕੀਤਾ ਗਿਆ ਸੀ; ਜਾਂ

(e) ਕਿਸੇ ਵੀ ਮਿਆਦ ਲਈ ਤੁਹਾਡੀ ਜਾਇਦਾਦ ਨੂੰ ਸਪਲਾਈ ਕੀਤੇ ਗਏ ਪਾਣੀ ਦੇ ਸੰਬੰਧ ਵਿੱਚ ਧੋਖਾਧੜੀ ਦੇ ਪੁਖਤਾ ਸਬੂਤ ਹਨ।

8.10 ਜਿੱਥੇ ਸੰਭਵ ਹੋਵੇ, ਅਨੁਮਾਨਾਂ ਦੀ ਗਣਨਾ ਸਮਾਨ ਖਾਤੇ ਦੇ ਸਮੇਂ, ਲਾਗਲੇ ਖਾਤੇ ਦੇ ਸਮੇਂ ਜਾਂ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਮੀਟਰ ਰੀਡਿੰਗ ਦੇ ਹਵਾਲੇ ਨਾਲ ਕੀਤੀ ਜਾਵੇਗੀ।

8.11 ਜੇਕਰ ਤੁਹਾਨੂੰ ਅੰਦਾਜ਼ੇ ਦੇ ਆਧਾਰ 'ਤੇ ਬਿੱਲ ਭੇਜਿਆ ਜਾਂਦਾ ਹੈ, ਤਾਂ ਅਸੀਂ ਅਸਲ ਖ਼ਪਤ ਨੂੰ ਦਰਸਾਉਣ ਲਈ, ਇੱਕ ਵਾਰ ਪਤਾ ਲੱਗਣ ਜਾਂ ਵਧੇਰੇ ਸਹੀ ਅੰਦਾਜ਼ਾ ਲਗਾਉਣ ਤੋਂ ਬਾਅਦ ਅਗਲੇ ਬਿੱਲ ਵਿੱਚ ਫੇਰ-ਬਦਲ ਕਰ ਸਕਦੇ ਹਾਂ।

*ਤੁਹਾਡੀ ਬੇਨਤੀ 'ਤੇ ਮੀਟਰਾਂ ਦੀ ਜਾਂਚ ਕਰਨਾ*

8.12 ਤੁਸੀਂ ਸਾਨੂੰ (ਜਾਂ ਕਿਸੇ ਮਾਨਤਾ ਪ੍ਰਾਪਤ ਸੇਵਾ ਪ੍ਰਦਾਤਾ ਨੂੰ) ਆਪਣੀ ਜਾਇਦਾਦ 'ਤੇ ਮੁੱਖ ਪਾਣੀ ਦੇ ਮੀਟਰ ਦੀ ਸ਼ੁੱਧਤਾ ਜਾਂ ਭਰੋਸੇਯੋਗਤਾ ਦੀ ਜਾਂਚ ਕਰਨ ਲਈ ਕਹਿ ਸਕਦੇ ਹੋ, ਜਿਸ ਵਿੱਚ ਤੁਸੀਂ ਸਪਲਾਈ ਕੀਤੇ ਗਏ ਪਾਣੀ ਦੀ ਮਾਤਰਾ ਬਾਰੇ ਵਿਵਾਦ ਵੀ ਕਰਦੇ ਹੋ। ਜੇ ਤੁਸੀਂ ਚਾਹੋ ਤਾਂ ਜਾਂਚ ਦੇ ਸਮੇਂ ਮੌਜੂਦ ਰਹਿ ਸਕਦੇ ਹੋ।

8.13 ਇਹ ਜਾਂਚ ਇਨ੍ਹਾਂ ਦੇ ਅਨੁਸਾਰ ਕੀਤੀ ਜਾਵੇਗੀ:

(a) ਕਿਸੇ ਵੀ ਲਾਗੂ ਆਸਟ੍ਰੇਲੀਆਈ ਮਾਪਦੰਡ ਦੇ ਅਨੁਸਾਰ; ਅਤੇ

(b) ਕੋਈ ਵੀ ਸਵੀਕਾਰ ਕੀਤੀ ਗਲਤੀ ਦਾ ਮਾਰਜਿਨ ਜਾਂ ਪ੍ਰਕਿਰਿਆ ਜੋ ਇਸ ਮਕਸਦ ਲਈ ਸਾਡੇ ਵੱਲੋਂ ਵਾਟਰ ਅਤੇ ਸੀਵਰੇਜ ਟੈਕਨੀਕਲ ਕੋਡ ਦੇ ਤਹਿਤ ਨਿਰਧਾਰਤ ਕੀਤੀ ਗਈ ਹੈ।

8.14 ਇਸ ਜਾਂਚ ਦੀ ਲਾਗਤ ਸਾਡੇ ਖ਼ਰਚਿਆਂ ਦੀ ਅਨੁਸੂਚੀ ਵਿੱਚ ਤੈਅ ਕੀਤੀ ਗਈ ਹੈ। ਅਸੀਂ (ਜਾਂ ਇੱਕ ਮਾਨਤਾ ਪ੍ਰਾਪਤ ਸੇਵਾ ਪ੍ਰਦਾਤਾ) ਤੁਹਾਡੇ ਵੱਲੋਂ ਇਸ ਦੀ ਲਾਗਤ ਦੇ ਭੁਗਤਾਨ ਦੇ ਬਾਅਦ ਜਾਂਚ ਕਰਾਂਗੇ।

8.15 ਜੇਕਰ ਜਾਂਚ ਦਰਸਾਉਂਦੀ ਹੈ ਕਿ ਮੀਟਰ ਉਪਕਰਨ ਨੁਕਸਦਾਰ ਹੈ ਜਾਂ ਜਲ ਅਤੇ ਸੀਵਰੇਜ ਟੈਕਨੀਕਲ ਕੋਡ ਅਨੁਸਾਰ ਗ਼ਲਤ ਜਾਂ ਭਰੋਸੇਯੋਗ ਨਹੀਂ ਹੈ ਅਤੇ ਇਹ ਤੁਹਾਡੀ ਜਾਇਦਾਦ ਨੂੰ ਸਪਲਾਈ ਕੀਤੇ ਗਏ ਪਾਣੀ ਨੂੰ ਵਧਾ ਚੜ੍ਹਾ ਕੇ ਦਰਸਾ ਰਿਹਾ ਹੈ, ਤਾਂ ਅਸੀਂ ਜਾਂਚ ਦੀ ਲਾਗਤ ਤੁਹਾਨੂੰ ਵਾਪਸ ਕਰਾਂਗੇ।

*ਅਸੀਂ ਵੀ ਮੀਟਰ ਦੀ ਜਾਂਚ ਸ਼ੁਰੂ ਕਰ ਸਕਦੇ ਹਾਂ*

8.16 ਅਸੀਂ ਸਾਡੀ ਕੀਮਤ 'ਤੇ ਤੁਹਾਡੀ ਜਾਇਦਾਦ 'ਤੇ ਲੱਗੇ ਕਿਸੇ ਵੀ ਮੀਟਰ ਦੀ ਜਾਂਚ ਕਰ ਸਕਦੇ ਹਾਂ।

*ਨੁਕਸਦਾਰ ਮੀਟਰ ਜਾਂ ਗਲਤ ਰੀਡਿੰਗ*

8.17 ਅਸੀਂ ਤੁਹਾਡੇ ਖਾਤੇ ਵਿੱਚ ਲੋੜ ਅਨੁਸਾਰ ਫੇਰ-ਬਦਲ ਕਰਾਂਗੇ ਜੇਕਰ:

(a) ਤੁਹਾਡੀ ਜਾਇਦਾਦ 'ਤੇ ਲੱਗੇ ਪਾਣੀ ਮਾਪਣ ਵਾਲੇ *ਉਪਕਰਨ* ਗ਼ਲਤ ਜਾਂ ਭਰੋਸੇਯੋਗ ਨਹੀਂ ਹਨ; ਜਾਂ

(b) ਜਾਂਚ ਰੀਡਿੰਗ ਲਈ ਗਈ ਰੀਡਿੰਗ ਨੂੰ ਗ਼ਲਤ ਦਰਸਾਉਂਦੀ ਹੈ।

| | | |
|---|---|---|
| *ਮੀਟਰਾਂ ਦੀ ਸਾਂਭ-ਸੰਭਾਲ ਅਤੇ ਮੁਰਮੰਤ* | 8.18 | ਅਸੀਂ ਤੁਹਾਡੀ ਜਾਇਦਾਦ ਵਿੱਚ ਲੱਗੇ ਮੁੱਖ ਮੀਟਰ ਨੂੰ ਕੰਮਕਾਜੀ ਹਾਲਤ ਵਿੱਚ ਬਣਾਈ ਰੱਖਣ ਲਈ ਉਚਿਤ ਕੋਸ਼ਿਸ਼ਾਂ ਦੀ ਵਰਤੋਂ ਕਰਾਂਗੇ। |
| *ਤੁਹਾਡੀ ਮੀਟਰ ਸੰਬੰਧੀ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ* | 8.19 | ਅਸੀਂ ਤੁਹਾਡੀ ਜਾਇਦਾਦ ਤੋਂ ਪ੍ਰਾਪਤ ਕੀਤੀ ਮੀਟਰ ਸੰਬੰਧੀ ਜਾਣਕਾਰੀ ਤੱਕ ਅਣ-ਅਧਿਕਾਰਤ ਪਹੁੰਚ ਨੂੰ ਰੋਕਣ ਲਈ ਉਚਿਤ ਕੋਸ਼ਿਸ਼ਾਂ ਦੀ ਵਰਤੋਂ ਕਰਾਂਗੇ। |

## ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ

*ਨਿੱਜਤਾ ਦਾ ਤੁਹਾਡਾ ਅਧਿਕਾਰ*

9.1 ਅਸੀਂ ਤੁਹਾਡੀ ਨਿੱਜਤਾ ਦਾ ਸਨਮਾਨ ਕਰਦੇ ਹਾਂ ਅਤੇ ਤੁਹਾਡੀ ਨਿੱਜੀ ਜਾਣਕਾਰੀ ਦੇ ਸੰਬੰਧ ਵਿੱਚ ਸਾਰੇ ਸੰਬੰਧਿਤ ਗੁਪਤਤਾ ਕਾਨੂੰਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਾਂ।

ਗੁਪਤਤਾ ਬਾਰੇ ਜਾਂ ਤੁਹਾਡੇ ਬਾਰੇ ਸਾਡੇ ਕੋਲ ਰੱਖੀ ਨਿੱਜੀ ਜਾਣਕਾਰੀ ਲਈ ਕੋਈ ਵੀ ਪੁੱਛਗਿੱਛ ਕਰਨ ਲਈ, ਕਿਰਪਾ ਕਰਕੇ www.iconwater.com.au/privacy 'ਤੇ ਮੌਜੂਦ ਸਾਡੀ ਗੁਪਤਤਾ ਨੀਤੀ ਨੂੰ ਵੇਖੋ।

*ਕ੍ਰੈਡਿਟ ਏਜੰਸੀਆਂ ਤੋਂ ਜਾਣਕਾਰੀ ਪ੍ਰਾਪਤ ਕਰਨਾ*

9.2 ਅਸੀਂ ਤੁਹਾਡੀ ਉਦਾਰ ਯੋਗਤਾ (ਕ੍ਰੈਡਿਟ ਯੋਗਤਾ) (ਖ਼ਪਤਕਾਰ ਕ੍ਰੈਡਿਟ ਰਿਪੋਰਟ ਸਮੇਤ) ਨਾਲ ਸੰਬੰਧਿਤ ਜਾਣਕਾਰੀ ਇੱਕ ਕ੍ਰੈਡਿਟ ਰਿਪੋਰਟਿੰਗ ਸੰਸਥਾ ਤੋਂ, ਜਾਂ ਕਿਸੇ ਵੀ ਕਾਰੋਬਾਰ ਤੋਂ ਪ੍ਰਾਪਤ ਕਰ ਸਕਦੇ ਹਾਂ ਜੋ ਕ੍ਰੈਡਿਟ ਯੋਗਤਾ ਜਾਂ ਕਿਸੇ ਕ੍ਰੈਡਿਟ ਪ੍ਰਦਾਤਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

*ਸੰਪਰਕ ਵੇਰਵਿਆਂ ਦੀ ਵਰਤੋਂ*

9.3 ਅਸੀਂ ਤੁਹਾਡੇ ਸੰਪਰਕ ਵੇਰਵਿਆਂ ਦੀ ਵਰਤੋਂ ਇਨ੍ਹਾਂ ਲਈ ਕਰ ਸਕਦੇ ਹਾਂ:

(a) ਇਸ ਇਕਰਾਰਨਾਮੇ ਦੇ ਉਦੇਸ਼ਾਂ ਲਈ ਤੁਹਾਡੇ ਨਾਲ ਸੰਪਰਕ ਕਰਨ ਜਾਂ ਪੱਤਰ ਵਿਹਾਰ ਕਰਨ ਲਈ (ਉਦਾਹਰਨ ਵਜੋਂ, ਤੁਹਾਨੂੰ ਸੇਵਾ ਵਿੱਚ ਰੁਕਾਵਟਾਂ ਬਾਰੇ ਸੂਚਿਤ ਕਰਨ ਜਾਂ ਤੁਹਾਡੇ ਖਾਤੇ ਦੇ ਬਿੱਲ ਭੇਜਣ ਲਈ); ਜਾਂ

(b) ਤੁਹਾਨੂੰ ਸਾਡੇ ਨਿਊਜ਼ਲੈਟਰ ਅਤੇ ਸਾਡੇ ਜਾਂ ਕਿਸੇ ਤੀਜੀ ਧਿਰ ਤੋਂ ਪ੍ਰਚਾਰ ਪੇਸ਼ਕਸ਼ਾਂ ਭੇਜਣ ਲਈ; ਜਾਂ

(c) ਹੋਰ ਜਨਤਕ ਹਿੱਤ ਦੇ ਉਦੇਸ਼ਾਂ ਲਈ, ਜਿਵੇਂ ਕਿ ਸੁਰੱਖਿਆ, ਚੈਰਿਟੀ ਦੁਆਰਾ ਫ਼ੰਡ ਇਕੱਠਾ ਕਰਨ ਅਤੇ ਜਾਣਕਾਰੀ ਦੇਣ ਵਾਲੇ ਪ੍ਰੋਗਰਾਮ ਲਈ,

ਪਰ ਅਸੀਂ ਅਜਿਹਾ ਕਰਨ ਲਈ ਕਿਸੇ ਵੀ ਤੀਜੀ ਧਿਰ ਨੂੰ ਤੁਹਾਡੇ ਵੇਰਵਿਆਂ ਦਾ ਖੁਲਾਸਾ ਨਹੀਂ ਕਰਾਂਗੇ, ਸਿਵਾਏ ਜਿੱਥੇ ਆਗਿਆ ਦਿੱਤੀ ਗਈ ਹੈ ਅਤੇ ਸਾਡੀ ਗੁਪਤਤਾ ਨੀਤੀ ਦੇ ਅਨੁਸਾਰ ਹੈ।

9.4 ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਵੇਰਵਿਆਂ ਦੀ ਵਰਤੋਂ ਸਿੱਧੀ ਮਾਰਕੀਟਿੰਗ ਕਰਨ ਦੇ ਉਦੇਸ਼ਾਂ ਲਈ ਕੀਤੀ ਜਾਵੇ, ਤਾਂ ਕਿਰਪਾ ਕਰਕੇ ਸਾਡੀ ਗਾਹਕ ਸੇਵਾ ਟੀਮ ਨਾਲ 6248 3111 (ਵਿਕਲਪ 2) 'ਤੇ ਸੰਪਰਕ ਕਰੋ।

9.5 ਤੁਹਾਡੇ ਸੰਪਰਕ ਵੇਰਵਿਆਂ ਦੀ ਸ਼ੁੱਧਤਾ ਨੂੰ ਜਾਂਚਣ ਲਈ *ActewAGL ਰਿਟੇਲ* ਕਿਸੇ ਵੀ ਬਿਜਲੀ, ਕੁਦਰਤੀ ਗੈਸ, ਅਤੇ *ਜਲ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ* ਵਿੱਚ ਤੁਹਾਡੀ ਨਿੱਜੀ ਜਾਣਕਾਰੀ ਦਾ ਹਵਾਲਾ ਦੇ ਸਕਦਾ ਹੈ ਜੋ ਤੁਹਾਨੂੰ *ਆਈਕਨ ਵਾਟਰ* ਜਾਂ *ActewAGL ਰਿਟੇਲ* ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

*ਹੋਰ ਨਿੱਜੀ ਜਾਣਕਾਰੀ ਦੀ ਵਰਤੋਂ*

9.6 ਅਸੀਂ ਤੁਹਾਡੇ ਸੰਪਰਕ ਵੇਰਵਿਆਂ ਸਮੇਤ, ਤੁਹਾਡੇ ਬਾਰੇ ਸਾਡੇ ਕੋਲ ਰੱਖੀ ਕਿਸੇ ਵੀ ਨਿੱਜੀ ਜਾਣਕਾਰੀ ਦੀ ਵਰਤੋਂ ਇਸ ਲਈ ਕਰ ਸਕਦੇ ਹਾਂ:

(a) ਤੁਹਾਡੀ ਚੱਲ ਰਹੀ ਕ੍ਰੈਡਿਟ ਯੋਗਤਾ ਜਾਂ ਸਾਡੇ ਕੋਲ ਤੁਹਾਡੇ ਕਿਸੇ ਵੀ ਮੌਜੂਦ ਖਾਤੇ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ; ਜਾਂ

(b) ਇਸ ਇਕਰਾਰਨਾਮੇ ਦੇ ਤਹਿਤ ਲੋੜੀਂਦੇ ਸੁਰੱਖਿਆ ਦੇ ਪੱਧਰ ਨੂੰ ਨਿਰਧਾਰਤ ਕਰਨ ਲਈ; ਜਾਂ

(c) ਬਕਾਇਆ ਭੁਗਤਾਨ ਇਕੱਠੇ ਕਰਨ ਲਈ,

ਅਤੇ ਨਹੀਂ ਤਾਂ ਜਿਵੇਂ ਸਾਡੀ ਗੁਪਤਤਾ ਨੀਤੀ ਵਿੱਚ ਦੱਸਿਆ ਗਿਆ ਹੈ।

*ਜਾਣਕਾਰੀ ਦਾ ਖੁਲਾਸਾ*

9.7 ਅਸੀਂ ਸਾਡੀ ਗੁਪਤਤਾ ਨੀਤੀ (ਜਿੱਥੇ ਲਾਗੂ ਹੋਵੇ), ਖ਼ਪਤਕਾਰ ਸੁਰੱਖਿਆ ਜਾਬਤੇ ਦੁਆਰਾ ਆਗਿਆ ਦਿੱਤੇ ਹਾਲਾਤਾਂ ਜਾਂ *ਕਾਨੂੰਨ* ਦੁਆਰਾ ਆਗਿਆ ਦਿੱਤੇ ਜਾਂ ਲੋੜ ਅਨੁਸਾਰ ਤੁਹਾਡੇ ਬਾਰੇ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ।

## ਤੁਹਾਡੀ ਜਾਇਦਾਦ ਤੱਕ ਸਾਡੀ ਪਹੁੰਚ

10.1 ਤੁਹਾਨੂੰ ਇਨ੍ਹਾਂ ਗੱਲਾਂ ਲਈ ਠੇਕੇਦਾਰਾਂ ਅਤੇ ਏਜੰਟਾਂ ਨੂੰ ਆਪਣੀ ਜਾਇਦਾਦ ਵਿੱਚ ਦਾਖ਼ਲ ਹੋਣ ਦੀ ਆਗਿਆ ਦੇਣੀ ਲਾਜ਼ਮੀ ਹੈ:

(a) ਕੁਨੈਕਸ਼ਨ ਲਗਾਉਣ ਦਾ ਕੰਮ ਕਰਨ ਲਈ; ਜਾਂ

(b) ਮੀਟਰਾਂ ਦੀ ਰੀਡਿੰਗ ਲੈਣ ਜਾਂ ਜਾਂਚ ਕਰਨ ਲਈ; ਜਾਂ

(c) ਸਾਡੀ ਸੰਪਤੀ ਦਾ ਮੁਆਇਨਾ, ਰੱਖ-ਰਖਾਅ, ਮੁਰੰਮਤ ਕਰਨ ਜਾਂ ਬਦਲਣ ਲਈ; ਜਾਂ

(d) ਜਿੱਥੇ *ਕਾਨੂੰਨ* ਦੁਆਰਾ ਆਗਿਆ ਦਿੱਤੀ ਗਈ ਹੋਵੇ।

10.2 ਜਦੋਂ ਸਾਡੇ ਕਰਮਚਾਰੀ ਤੁਹਾਡੀ ਜਾਇਦਾਦ 'ਤੇ ਹੁੰਦੇ ਹਨ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਹ:

(a) *ਕਾਨੂੰਨ* ਦੁਆਰਾ ਲੋੜੀਂਦੀਆਂ ਸਾਰੀਆਂ ਲਾਗੂ ਸੁਰੱਖਿਆ ਸ਼ਰਤਾਂ ਦੀ ਪਾਲਣਾ ਕਰਨ; ਅਤੇ

(b) ਉਦਯੋਗਿਕ ਇਮਾਰਤਾਂ ਲਈ, ਜਿੱਥੇ ਤੁਸੀਂ ਸਾਨੂੰ ਵਾਜਬ ਅਗਾਊਂ ਨੋਟਿਸ ਦਿੱਤਾ ਹੈ:

(i) ਤੁਹਾਡੀ ਜਾਇਦਾਦ ਵਿੱਚ ਲਾਗੂ ਕਿਸੇ ਵੀ ਵਾਜਬ ਕੰਮ ਸੰਬੰਧੀ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ; ਅਤੇ

(ii) ਜੇ ਜ਼ਰੂਰੀ ਹੋਵੇ, ਤੁਹਾਡੀ ਜਾਇਦਾਦ ਵਿੱਚ ਆਮ ਵਰਤੋਂ ਵਿੱਚ ਤੁਹਾਡੇ ਦੁਆਰਾ ਸਪਲਾਈ ਕੀਤੇ ਸੁਰੱਖਿਆ ਉਪਕਰਣਾਂ ਅਤੇ ਕੱਪੜਿਆਂ ਵਿੱਚ ਕੰਮ ਕਰਨ।

## ਸਾਡੇ ਦੁਆਰਾ ਕੁਨੈਕਸ਼ਨ ਕੱਟਣਾ ਅਤੇ ਰੋਕ ਲਗਾਉਣੀ

11.1 ਸਾਨੂੰ ਤੁਹਾਡੀ ਜਾਇਦਾਦ ਨੂੰ *ਜਲ ਨੈੱਟਵਰਕ* ਤੋਂ ਲਾਜ਼ਮੀ ਕੱਟ ਦੇਣ ਚਾਹੀਦਾ ਹੈ:

(a) ਤੁਹਾਡੀ ਦੁਆਰਾ ਬੇਨਤੀ ਕਰਨ 'ਤੇ; ਜਾਂ

(b) ਜੇਕਰ ਲਾਗੂ *ਕਾਨੂੰਨ* ਦੁਆਰਾ ਅਜਿਹਾ ਕਰਨਾ ਲੋੜੀਂਦਾ ਹੋਵੇ; ਜਾਂ

(c) ਐਮਰਜੈਂਸੀ ਦੀ ਸਥਿਤੀ ਵਿੱਚ।

ਅਸੀਂ *ਜਲ ਨੈੱਟਵਰਕ* ਤੋਂ ਤੁਹਾਡੀ ਜਾਇਦਾਦ ਨੂੰ ਜਾਂਦੇ ਪਾਣੀ ਦੇ ਕਿਸੇ ਵੀ ਅਣ-ਅਧਿਕਾਰਤ ਕੁਨੈਕਸ਼ਨ ਨੂੰ ਬੰਦ ਕਰ ਸਕਦੇ ਹਾਂ ਜੇਕਰ:

(d) ਤੁਹਾਨੂੰ ਨੈੱਟਵਰਕ ਸੁਰੱਖਿਆ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਤੁਸੀਂ ਉਸ ਨੋਟਿਸ ਦੀ ਪਾਲਣਾ ਨਹੀਂ ਕੀਤੀ ਹੈ; ਜਾਂ

(e) ਜਿੱਥੇ ਨੈੱਟਵਰਕ ਸੁਰੱਖਿਆ ਨੋਟਿਸ ਜਾਰੀ ਕਰਨ ਦੀ ਲੋੜ ਨਹੀਂ ਹੈ, ਤੁਸੀਂ ਕੁਨੈਕਸ਼ਨ ਹਟਾਉਣ ਲਈ ਸਾਡੇ ਵੱਲੋਂ ਦਿੱਤੇ ਨੋਟਿਸ ਦੀ ਪਾਲਣਾ ਨਹੀਂ ਕੀਤੀ ਹੈ।

ਅਸੀਂ ਤੁਹਾਡੀ ਜਾਇਦਾਦ ਲਈ ਪਾਣੀ ਦੀ ਸਪਲਾਈ 'ਤੇ ਰੋਕ ਲਗਾ ਸਕਦੇ ਹਾਂ:

(f) ਜੇਕਰ ਤੁਹਾਡੇ ਕੋਲ ਇਸ ਜਾਇਦਾਦ 'ਤੇ ਕਬਜ਼ਾ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਹੈ; ਜਾਂ

(g) ਜੇਕਰ ਤੁਸੀਂ ਨਿਯਤ ਬਕਾਇਆ ਮਿਤੀ ਤੱਕ ਖਾਤੇ ਦੇ ਬਿੱਲ ਦਾ ਭੁਗਤਾਨ ਕਰਨ ਵਿੱਚ ਨਾ-ਕਾਮਯਾਬ ਰਹਿੰਦੇ ਹੋ ਅਤੇ, ਰਿਹਾਇਸ਼ੀ ਜਾਇਦਾਦਾਂ ਲਈ, ਅਸੀਂ ਖ਼ਪਤਕਾਰ ਸੁਰੱਖਿਆ ਜਾਬਤੇ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਹੈ; ਜਾਂ

(h) ਜੇਕਰ ਤੁਸੀਂ ਅਨੂਸੂਚੀ 1 ਦੀ ਧਾਰਾ 1.1 ਦੇ ਤਹਿਤ ਤੁਹਾਡੇ ਨਾਲ ਮੁਲਾਕਾਤ ਲਈ ਲਗਾਤਾਰ 2 ਮੌਕਿਆਂ 'ਤੇ ਜਾਇਦਾਦ ਤੱਕ ਪਹੁੰਚ ਪ੍ਰਦਾਨ ਕਰਨ ਵਿੱਚ ਨਾ-ਕਾਮਯਾਬ ਰਹਿੰਦੇ ਹੋ; ਜਾਂ

(i) ਜੇਕਰ ਤੁਸੀਂ ਇਸ ਇਕਰਾਰਨਾਮੇ ਦੇ ਅਧੀਨ ਆਪਣੀਆਂ ਕਿਸੇ ਹੋਰ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਨਾ-ਕਾਮਯਾਬ ਰਹਿੰਦੇ ਹੋ; ਜਾਂ

(j) ਸੰਬੰਧਿਤ ਲਾਗੂ ਕਾਨੂੰਨ ਦੁਆਰਾ ਆਗਿਆ ਹੋਣ ਜਾਂ ਲੋੜ ਅਨੁਸਾਰ,

ਜਦੋਂ ਤੱਕ ਤੁਹਾਡੀ ਜਾਇਦਾਦ ਧਾਰਾ 2.6 ਦੇ ਅਧੀਨ ਜੀਵਨ ਸਹਾਇਤਾ ਉਪਕਰਨ ਲੱਗੇ ਹੋਣ ਵਜੋਂ ਰਜਿਸਟਰਡ ਨਹੀਂ ਹੈ।

11.2 ਤੁਹਾਡੀ ਪਾਣੀ ਦੀ ਸਪਲਾਈ ਨੂੰ ਬੰਦ ਕਰਨ ਜਾਂ ਰੋਕ ਲਗਾਉਣ ਵੇਲੇ ਸਾਡੇ ਵੱਲੋਂ ਖ਼ਪਤਕਾਰ ਸੁਰੱਖਿਆ ਜਾਬਤੇ ਵਿੱਚ ਲਾਗੂ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

11.3 ਜੇਕਰ ਅਸੀਂ ਇਸ ਧਾਰਾ ਦੇ ਤਹਿਤ ਤੁਹਾਡੀ ਪਾਣੀ ਦੀ ਸਪਲਾਈ ਨੂੰ ਬੰਦ ਕਰਦੇ ਜਾਂ ਰੋਕ ਲਗਾਉਂਦੇ ਹਾਂ, ਤਾਂ ਤੁਹਾਨੂੰ *ਖ਼ਰਚਿਆਂ ਦੀ ਅਨੁਸੂਚੀ ਅਤੇ ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* ਵਿੱਚ ਦਿਖਾਈ ਗਈ ਕੋਈ ਵੀ ਲਾਗੂ ਫ਼ੀਸ ਦਾ ਭੁਗਤਾਨ ਕਰਨਾ ਲਾਜ਼ਮੀ ਹੈ।

11.4 ਜੇਕਰ ਪਾਣੀ ਦੇ ਕੁਨੈਕਸ਼ਨ ਨੂੰ ਕੱਟਣ ਜਾਂ ਰੋਕ ਲਗਾਉਣ ਨੂੰ ਜਨਮ ਦੇਣ ਵਾਲਾ ਮਾਮਲਾ ਹੱਲ ਕਰ ਲਿਆ ਜਾਂਦਾ ਹੈ ਜਾਂ ਲਾਗੂ ਹੋਣੋਂ ਬੰਦ ਹੋ ਜਾਂਦਾ ਹੈ, ਤਾਂ ਅਸੀਂ ਮੁੜ-ਕੁਨੈਕਸ਼ਨ ਬਹਾਲ ਕਰਨ ਦਾ ਪ੍ਰਬੰਧ ਕਰਾਂਗੇ ਅਤੇ ਜਿੰਨੀ ਜਲਦੀ ਸੰਭਵ ਹੋ ਸਕੇ ਬੇਰੋਕ ਸਪਲਾਈ ਮੁੜ ਸ਼ੁਰੂ ਕਰਾਂਗੇ।

11.5 ਮੁੜ-ਕੁਨੈਕਸ਼ਨ ਚਾਲੂ ਕਰਨ ਜਾਂ ਪੂਰੀ ਸਪਲਾਈ ਦੀ ਬਹਾਲੀ ਲਈ ਇੱਕ ਫ਼ੀਸ ਲਾਗੂ ਹੁੰਦੀ ਹੈ, ਜਿਵੇਂ ਕਿ ਸਾਡੇ *ਖ਼ਰਚਿਆਂ ਦੀ ਅਨੁਸੂਚੀ* ਅਤੇ *ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* ਵਿੱਚ ਦਿਖਾਇਆ ਗਿਆ ਹੈ।

## ਸਾਡੀ ਦੇਣਦਾਰੀ

*ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ ਗਾਰੰਟੀ*

12.1 *ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ* ਸਾਨੂੰ ਵਸਤੂਆਂ ਅਤੇ ਸੇਵਾਵਾਂ ਦੇ ਸੰਬੰਧ ਵਿੱਚ ਆਪਣੇ-ਆਪ ਹੀ ਕੁੱਝ ਗਾਰੰਟੀਆਂ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ ਜਿਨ੍ਹਾਂ ਨੂੰ ਇਕਰਾਰਨਾਮੇ ਦੁਆਰਾ ਬਾਹਰ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਇਸ ਇਕਰਾਰਨਾਮੇ ਅਧੀਨ ਸਪਲਾਈ ਕੀਤੀ ਗਈ ਕੋਈ ਵਸਤੂ ਜਾਂ ਸੇਵਾਵਾਂ ਤੁਹਾਨੂੰ *ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ* ਜਾਂ ਸੰਬੰਧਿਤ ਅਧਿਕਾਰ ਖੇਤਰ ਦੇ ਕਾਨੂੰਨ ਵਿੱਚ ਉਸ ਮਿਆਦ ਦੇ ਅਰਥਾਂ ਦੇ ਅੰਦਰ ਇੱਕ 'ਖ਼ਪਤਕਾਰ' ਵਜੋਂ ਸਪਲਾਈ ਕੀਤੀਆਂ ਜਾਂਦੀਆਂ ਹਨ, ਤਾਂ ਤੁਹਾਨੂੰ ਕੁੱਝ ਗ਼ੈਰ-ਬੇਦਖ਼ਲ ਕਰਨਯੋਗ ਅਧਿਕਾਰਾਂ ਅਤੇ ਹੱਲਾਂ ਦਾ ਲਾਭ ਮਿਲੇਗਾ। ਵਸਤੂਆਂ ਜਾਂ ਸੇਵਾਵਾਂ (*ਖ਼ਪਤਕਾਰ ਗਾਰੰਟੀਆਂ*), ਜਿਸ ਵਿੱਚ ਇਹ ਗਾਰੰਟੀ ਸ਼ਾਮਲ ਹੈ ਕਿ ਸੇਵਾਵਾਂ ਉਚਿਤ ਦੇਖਭਾਲ ਅਤੇ ਲੋੜੀਂਦੇ ਹੁਨਰ ਨਾਲ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਅਤੇ ਉਹ ਵਸਤੂਆਂ ਸਵੀਕਾਰਯੋਗ ਗੁਣਵੱਤਾ ਦੀਆਂ ਹਨ।

(a) ਇਸ ਇਕਰਾਰਨਾਮੇ ਵਿੱਚ ਕੁੱਝ ਵੀ *ਖ਼ਪਤਕਾਰ ਗਾਰੰਟੀਆਂ* ਦੇ ਸੰਚਾਲਨ ਨੂੰ ਬਾਹਰ ਕੱਢਦਾ, ਪਾਬੰਦੀ ਲਗਾਉਂਦਾ ਜਾਂ ਸੋਧ ਨਹੀਂ ਕਰਦਾ ਹੈ ਜਿੱਥੇ ਅਜਿਹਾ ਹੁੰਦਾ ਹੈ ਤਾਂ ਉਹ *ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ* ਦੀ ਉਲੰਘਣਾ ਹੋਵੇਗਾ ਜਾਂ ਇਸ ਧਾਰਾ ਦੇ ਕਿਸੇ ਵੀ ਹਿੱਸੇ ਨੂੰ ਰੱਦ ਕਰ ਸਕਦਾ ਹੈ।

(b) ਹਾਲਾਂਕਿ, ਜੇਕਰ ਮਾਲ ਅਤੇ/ਜਾਂ ਸੇਵਾਵਾਂ ਉਹ ਵਸਤੂਆਂ ਜਾਂ ਸੇਵਾਵਾਂ ਹਨ ਜੋ ਆਮ ਤੌਰ 'ਤੇ ਨਿੱਜੀ, ਘਰੇਲੂ ਜਾਂ ਘਰੇਲੂ ਵਰਤੋਂ ਜਾਂ ਖ਼ਪਤ ਲਈ ਪ੍ਰਾਪਤ ਨਹੀਂ ਕੀਤੀਆਂ ਜਾਂਦੀਆਂ ਹਨ, ਅਤੇ ਵਸਤੂਆਂ ਜਾਂ ਸੇਵਾਵਾਂ ਦੀ ਕੀਮਤ $100,000 ਜਾਂ ਘੱਟ ਹੈ, *ਆਈਕਨ ਵਾਟਰ* ਕਿਸੇ ਵੀ *ਖ਼ਪਤਕਾਰ ਗਾਰੰਟੀ* ਦੀ ਉਲੰਘਣਾ ਲਈ ਆਪਣੀ ਦੇਣਦਾਰੀ ਨੂੰ ਸੀਮਿਤ ਕਰਦਾ ਹੈ (*ਆਈਕਨ ਵਾਟਰ* ਦੇ ਵਿਕਲਪ 'ਤੇ):

(i) ਮਾਲ ਦੇ ਮਾਮਲੇ ਵਿੱਚ, ਮਾਲ ਦੀ ਮੁਰੰਮਤ ਕਰਨਾ ਜਾਂ ਬਦਲਣਾ ਜਾਂ ਮਾਲ ਦੀ ਮੁਰੰਮਤ ਜਾਂ ਬਦਲਣ ਕਰਨ ਦੀ ਲਾਗਤ ਦਾ ਭੁਗਤਾਨ ਕਰਨਾ; ਅਤੇ

(ii) ਸੇਵਾਵਾਂ ਦੇ ਮਾਮਲੇ ਵਿੱਚ, ਸੇਵਾਵਾਂ ਨੂੰ ਦੁਬਾਰਾ ਸਪਲਾਈ ਕਰਨਾ, ਜਾਂ ਸੇਵਾਵਾਂ ਨੂੰ ਦੁਬਾਰਾ ਸਪਲਾਈ ਕਰਨ ਦੀ ਲਾਗਤ ਦਾ ਭੁਗਤਾਨ ਕਰਨਾ।

(c) *ਖ਼ਪਤਕਾਰ ਗਾਰੰਟੀਆਂ, ਯੂਟੀਲਿਟੀਜ਼ ਐਕਟ ਜਾਂ ਯੂਟੀਲਿਟੀਜ਼ (ਟੈਕਨੋਲੋਜੀ ਰੈਗੂਲੇਸ਼ਨ) ਐਕਟ 2014*, ਖ਼ਪਤਕਾਰ ਸੁਰੱਖਿਆ ਜਾਬਤੇ ਅਤੇ ਇਸ ਇਕਰਾਰਨਾਮੇ ਵਿੱਚ ਤੈਅ ਵਾਰੰਟੀਆਂ ਅਤੇ ਸ਼ਰਤਾਂ ਨੂੰ ਛੱਡ ਕੇ, *ਆਈਕਨ ਵਾਟਰ* ਲਿਖਤੀ *ਕਾਨੂੰਨ*, ਕਾਨੂੰਨ, ਅਸਲ ਵਿੱਚ ਜਾਂ ਕਿਸੇ ਹੋਰ ਤਰ੍ਹਾਂ ਦੁਆਰਾ ਦਰਸਾਈ ਸਾਰੀਆਂ ਵਾਰੰਟੀਆਂ, ਨਿਯਮਾਂ ਅਤੇ ਸ਼ਰਤਾਂ ਨੂੰ ਸ਼ਾਮਲ ਨਹੀਂ ਕਰਦਾ ਹੈ।

(d) ਹਾਲਾਂਕਿ ਜਿੱਥੇ ਕਿਸੇ *ਖ਼ਪਤਕਾਰ ਗਾਰੰਟੀ* ਦੀ ਪਾਲਣਾ ਕਰਨ ਵਿੱਚ ਨਾਕਾਮੀ ਨੂੰ ਦੂਰ ਕੀਤਾ ਜਾ ਸਕਦਾ ਹੈ, ਅਤੇ ਇਹ ਕੋਈ *ਵੱਡੀ ਨਾਕਾਮੀ* ਨਹੀਂ ਹੈ, ਤਾਂ ਅਸੀਂ ਪੈਰਾਗ੍ਰਾਫ (b) ਵਿੱਚ ਦੱਸੇ ਅਨੁਸਾਰ ਉਸ ਨਾਕਾਮੀ ਦੇ ਹੱਲ ਲਈ ਸ਼ਰਤ ਦੀ ਪਾਲਣਾ ਕਰ ਸਕਦੇ ਹਾਂ।

*ਸਾਡੀ ਦੇਣਦਾਰੀ*

12.2 ਇਸ ਧਾਰਾ ਵਿੱਚ ਦੱਸੀਆਂ ਗਈਆਂ ਹੱਦਾਂ ਦੇ ਅਧੀਨ, ਅਸੀਂ ਕਿਸੇ ਵੀ ਨੁਕਸਾਨ, ਦੇਣਦਾਰੀ ਜਾਂ ਖ਼ਰਚੇ ਲਈ ਜ਼ਿੰਮੇਵਾਰ ਹਾਂ ਜੋ ਤੁਸੀਂ ਸਾਡੇ ਦੁਆਰਾ ਕੀਤੀ ਕਿਸੇ ਲਾਪਰਵਾਹੀ ਜਾਂ ਇਕਰਾਰਨਾਮੇ ਦੀ ਉਲੰਘਣਾ ਦੇ ਸਿੱਧੇ ਨਤੀਜੇ ਵਜੋਂ ਸਹਿ ਸਕਦੇ ਹੋ ਜਾਂ ਝੱਲ ਸਕਦੇ ਹੋ। ਉਦਾਹਰਨ ਲਈ, ਜੇਕਰ ਤੁਹਾਡੇ ਕਾਰਪੈਟ ਪਾਣੀ ਵਿੱਚ ਭਿੱਜ ਗਏ ਹਨ ਅਤੇ ਇਹ ਸਾਡੀ ਗਲਤੀ ਕਰਕੇ ਹੋਇਆ ਹੈ, ਤਾਂ ਅਸੀਂ ਸਫ਼ਾਈ ਕਰਨ ਜਾਂ ਬਦਲਣ ਦੀ ਲਾਗਤ ਦਾ ਭੁਗਤਾਨ ਕਰਾਂਗੇ, ਜਿਵੇਂ ਲੋੜ ਹੋਵੇ।

12.3 ਇਹ ਕਿਸੇ ਵੀ ਉਸ ਛੋਟ ਤੋਂ ਇਲਾਵਾ ਹੈ ਜਿਸਦੇ ਤੁਸੀਂ ਧਾਰਾ 5.11 ਦੇ ਅਧੀਨ ਹੱਕਦਾਰ ਹੋ ਸਕਦੇ ਹੋ।

*ਸਾਡੀ ਦੇਣਦਾਰੀ ਦੀਆਂ ਹੱਦਾਂ*

ਤੁਹਾਡੇ ਯੰਤਰਾਂ ਵਿੱਚ ਨੁਕਸ:

12.4 ਅਸੀਂ ਇਸ ਹੱਦ ਤੱਕ ਜਵਾਬਦੇਹ ਨਹੀਂ ਹਾਂ ਜਿੱਥੇ ਤੁਹਾਡਾ *ਯੰਤਰ* ਸਮੱਸਿਆ ਦਾ ਕਾਰਨ ਬਣਿਆ ਜਾਂ ਵਿੱਚ ਯੋਗਦਾਨ ਪਾਇਆ ਹੈ।

ਸੇਵਾਵਾਂ ਵਿੱਚ ਰੁਕਾਵਟ:

12.5 ਅਸੀਂ ਤੁਹਾਡੀ ਜਲ ਸਪਲਾਈ ਜਾਂ ਸੀਵਰੇਜ਼ ਸੇਵਾਵਾਂ ਵਿੱਚ ਰੁਕਾਵਟ ਲਈ ਜ਼ਿੰਮੇਵਾਰ ਨਹੀਂ ਹਾਂ ਜੇਕਰ ਇਹ ਰੁਕਾਵਟ:

(a) ਸਾਡੇ ਵੱਸ ਤੋਂ ਬਾਹਰ ਦੀਆਂ ਘਟਨਾਵਾਂ ਜਾਂ ਹਾਲਤਾਂ ਕਾਰਨ ਹੋਈ ਸੀ; ਜਾਂ

(b) ਸਾਡੇ ਦੁਆਰਾ ਖ਼ਪਤਕਾਰ ਸੁਰੱਖਿਆ ਜਾਬਤੇ ਦੇ ਅਧੀਨ ਸਾਰੇ ਸੰਬੰਧਿਤ ਕਾਰਗੁਜ਼ਾਰੀ ਮਾਪਦੰਡਾਂ ਦੀ ਪਾਲਣਾ ਕਰਨ ਦੇ ਬਾਵਜੂਦ ਵੀ ਪੈਦਾ ਹੋਈ ਸੀ।

ਹੋਰ ਹੱਦਾਂ:

12.6 ਅਸੀਂ ਧਾਰਾ 12.2 ਅਤੇ 12.3 ਵਿੱਚ ਦਿੱਤੇ ਅਨੁਸਾਰ ਤੋਂ ਬਗ਼ੈਰ ਕਿਸੇ ਹੋਰ ਨੁਕਸਾਨ, ਦੇਣਦਾਰੀ ਜਾਂ ਖ਼ਰਚੇ ਲਈ ਜ਼ਿੰਮੇਵਾਰ ਨਹੀਂ ਹਾਂ ਜੋ ਤੁਸੀਂ ਸਹਿ ਸਕਦੇ ਹੋ ਜਾਂ ਝੱਲ ਸਕਦੇ ਹੋ।

12.7 ਧਾਰਾ 12.6 ਨੂੰ ਸੀਮਿਤ ਕੀਤੇ ਬਗ਼ੈਰ, ਅਸੀਂ ਕਿਸੇ ਵੀ ਮੁਨਾਫ਼ੇ, ਕਾਰੋਬਾਰ, ਜਾਂ ਅਨੁਮਾਨਿਤ ਬੱਚਤ ਦੇ ਨੁਕਸਾਨ ਲਈ, ਜਾਂ ਇਸ ਇਕਰਾਰਨਾਮੇ ਤੋਂ ਜਾਂ ਇਸਦੇ ਸੰਬੰਧ ਵਿੱਚ ਹੋਣ ਵਾਲੇ ਕਿਸੇ ਵੀ ਅਸਿੱਧੇ ਜਾਂ ਨਤੀਜੇ ਵਜੋਂ ਹੋਣ ਵਾਲੇ ਨੁਕਸਾਨ ਲਈ ਜਵਾਬਦੇਹ ਨਹੀਂ ਹਾਂ, ਭਾਵੇਂ ਇਹ ਇਕਰਾਰਨਾਮੇ ਵਿੱਚ, ਹਰਜਾਨੇ ਵਜੋਂ (ਲਾਪਰਵਾਹੀ ਸਮੇਤ) ਜਾਂ ਕੁੱਝ ਹੋਰ ਹੋਵੇ, ਜੋ ਧਾਰਾ 12.2 ਵਿੱਚ ਦੱਸੇ ਅਨੁਸਾਰ ਨਾਲੋਂ ਕੁੱਝ ਹੋਰ ਹੈ।

12.8 ਸਾਡੀ ਦੇਣਦਾਰੀ 'ਤੇ ਹੋਰ ਹੱਦਾਂ ਲਾਗੂ *ਕਾਨੂੰਨ* ਦੇ ਅਧੀਨ ਲਾਗੂ ਹੋ ਸਕਦੀਆਂ ਹਨ।

*ਆਮ (ਜਨਰਲ)*

12.9 ਸੰਕੇਤਕ ਸ਼ਰਤਾਂ ਦੇ ਸੰਬੰਧ ਵਿੱਚ ਧਾਰਾ 12.6 ਅਤੇ 12.7 ਦੀਆਂ ਹੱਦਾਂ ਇਸ ਧਾਰਾ ਦੇ ਪੁਰਾਣੇ ਉਪਬੰਧਾਂ ਦੇ ਅਧੀਨ ਹਨ।

12.10 ਇਸ ਇਕਰਾਰਨਾਮੇ ਦੀ ਉਲੰਘਣਾ ਲਈ ਕਿਸੇ ਵੀ ਧਿਰ ਦੀ ਦੂਜੀ ਧਿਰ ਪ੍ਰਤੀ ਦੇਣਦਾਰੀ ਉਸ ਹੱਦ ਤੱਕ ਘਟਾਈ ਜਾਂਦੀ ਹੈ ਜਿਸ ਹੱਦ ਤੱਕ ਦੂਜੀ ਧਿਰ ਨੇ ਉਲੰਘਣਾ ਕੀਤੀ ਹੈ ਜਾਂ ਇਸ ਵਿੱਚ ਯੋਗਦਾਨ ਪਾਇਆ ਹੈ।

**ਵਿਵਾਦ ਨਿਪਟਾਰਾ**

13.1 ਧਿਰਾਂ ਇਸ ਇਕਰਾਰਨਾਮੇ (ਧਾਰਾ 8.12 ਸਮੇਤ) ਅਤੇ ਖਪਤਕਾਰ ਸੁਰੱਖਿਆ ਕੋਡ ਦੇ ਅਨੁਸਾਰ ਇਸ ਇਕਰਾਰਨਾਮੇ ਅਧੀਨ ਪੈਦਾ ਹੋਣ ਵਾਲੇ ਕਿਸੇ ਵੀ ਵਿਵਾਦ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕਰਨਗੀਆਂ ਜਾਂ, ਜੇਕਰ ਲਾਗੂ ਹੁੰਦਾ ਹੈ, ਤਾਂ ਤੁਸੀਂ ਮਾਮਲੇ ਨੂੰ *ACAT* ਕੋਲ ਭੇਜ ਸਕਦੇ ਹੋ।

13.2 ਇਹ ਕਿਸੇ ਧਿਰ ਨੂੰ ਇਸ ਇਕਰਾਰਨਾਮੇ ਅਧੀਨ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਜਾਂ ਤੁਰੰਤ ਰਾਹਤ ਲਈ ਅਦਾਲਤ ਵਿੱਚ ਅਰਜ਼ੀ ਦੇਣ ਤੋਂ ਨਹੀਂ ਰੋਕਦਾ ਹੈ।

**ਫੁਟਕਲ**

*ਇਸ ਇਕਰਾਰਨਾਮੇ ਵਿੱਚ ਤਬਦੀਲੀਆਂ*

14.1 ਅਸੀਂ *ਯੁਟੀਲਿਟੀਜ਼ ਐਕਟ 2000* ਦੁਆਰਾ ਆਗਿਆ ਦਿੱਤੇ ਅਨੁਸਾਰ ਸਮੇਂ-ਸਮੇਂ 'ਤੇ ਇਸ ਇਕਰਾਰਨਾਮੇ ਵਿੱਚ ਤਬਦੀਲੀਆਂ ਕਰ ਸਕਦੇ ਹਾਂ। ਇਨ੍ਹਾਂ ਤਬਦੀਲੀਆਂ ਦਾ ਨੋਟਿਸ "ਦਿ ਕੈਨਬਰਾ ਟਾਈਮਜ਼" ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ ਤਬਦੀਲੀਆਂ ਦੀ ਇੱਕ ਮੁਫ਼ਤ ਕਾਪੀ ਬੇਨਤੀ ਕਰਨ 'ਤੇ ਜਾਂ *ਆਈਕਨ ਵਾਟਰ* ਦੀ ਵੈੱਬਸਾਈਟ www.iconwater.com.au 'ਤੇ ਉਪਲਬਧ ਹੋਵੇਗੀ।

*ਅਸੰਗਤਤਾ (ਫ਼ਰਕ ਰਹਿਣਾ)*

14.2 ਧਿਰਾਂ ਨੂੰ ਲਾਜ਼ਮੀ ਤੌਰ 'ਤੇ ਕਾਨੂੰਨ ਦੁਆਰਾ ਉਨ੍ਹਾਂ 'ਤੇ ਲਗਾਈਆਂ ਗਈਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ, ਸਿਵਾਏ ਜਿੱਥੇ ਉਹ ਜ਼ਿੰਮੇਵਾਰੀਆਂ ਇਸ ਇਕਰਾਰਨਾਮੇ ਨਾਲ ਵਿਰੋਧਤਾ ਵਿੱਚ ਹਨ। ਉਸ ਸਥਿਤੀ ਵਿੱਚ ਇਹ ਇਕਰਾਰਨਾਮਾ *ਕਾਨੂੰਨ* ਦੁਆਰਾ ਆਗਿਆ ਦਿੱਤੀ ਗਈ ਹੱਦ ਤੱਕ ਭਾਰੂ ਹੋਵੇਗਾ।

*ਕੋਈ ਨੁਮਾਇੰਦਗੀ ਜਾਂ ਵਾਰੰਟੀ ਨਹੀਂ*

14.3 ਤੁਸੀਂ ਸਵੀਕਾਰ ਕਰਦੇ ਹੋ ਕਿ ਇਸ ਇਕਰਾਰਨਾਮੇ ਵਿੱਚ ਦਾਖ਼ਲ ਹੋਣ ਲਈ ਤੁਸੀਂ ਸਾਡੇ ਤੋਂ ਕਿਸੇ ਵੀ ਹੋਰ ਵੱਖਰੇ ਵਾਅਦਿਆਂ 'ਤੇ ਨਿਰਭਰ ਨਹੀਂ ਕੀਤਾ ਹੈ ਜੋ ਇਸ ਇਕਰਾਰਨਾਮੇ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ।

*ਸੰਪੂਰਨ ਇਕਰਾਰਨਾਮਾ*

14.4 ਇਹ ਇਕਰਾਰਨਾਮਾ ਇਸਦੇ ਵਿਸ਼ਾ ਵਸਤੂ ਬਾਰੇ ਸਾਡੇ ਵਿਚਕਾਰ ਪੂਰੇ ਸਮਝੌਤੇ ਦਾ ਗਠਨ ਕਰਦਾ ਹੈ।

*ਸਪੁਰਦਗੀ*

14.5 ਤੁਸੀਂ ਸਾਡੀ ਸਹਿਮਤੀ ਤੋਂ ਬਗ਼ੈਰ ਇਸ ਇਕਰਾਰਨਾਮੇ ਦੇ ਅਧੀਨ ਆਪਣੇ ਅਧਿਕਾਰਾਂ ਜਾਂ ਜ਼ਿੰਮੇਵਾਰੀਆਂ ਨੂੰ ਕਿਸੇ ਹੋਰ ਨੂੰ ਨਹੀਂ ਦੇ ਸਕਦੇ ਹੋ।

| | | |
|---|---|---|
| *ਨੋਟਿਸ* | 14.6 | ਸਾਡੇ ਵੱਲੋਂ ਤੁਹਾਨੂੰ ਭੇਜੇ ਗਏ ਨੋਟਿਸਾਂ ਨੂੰ ਖ਼ਪਤਕਾਰ ਸੁਰੱਖਿਆ ਜਾਬਤੇ ਦੁਆਰਾ ਪ੍ਰਦਾਨ ਕੀਤੇ ਗਏ ਸਮੇਂ ਦੇ ਅੰਦਰ ਪ੍ਰਾਪਤ ਕੀਤਾ ਗਿਆ ਮੰਨਿਆ ਜਾਵੇਗਾ। |
| *ਸਾਂਝਾ ਖਾਤਾ ਧਾਰਕ ਗਾਹਕ* | 14.7 | ਜੇਕਰ ਤੁਸੀਂ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਨਾਲ ਸਾਂਝੇਦਾਰੀ ਵਿੱਚ ਜਾਇਦਾਦ ਦੇ ਮਾਲਕ ਹੋ, ਤਾਂ ਇਹ ਇਕਰਾਰਨਾਮਾ ਕਾਨੂੰਨੀ ਰੂਪ ਵਿੱਚ ਲਾਗੂ ਹੁੰਦਾ ਹੈ ਅਤੇ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ ਤੁਹਾਡੇ ਸਾਰਿਆਂ ਦੇ ਫਾਇਦੇ ਲਈ ਹੈ। |
| *ਸਮਾਪਤੀ* | 14.8 | ਇਹ ਇਕਰਾਰਨਾਮਾ ਸਮਾਪਤ ਹੋ ਜਾਵੇਗਾ ਜੇਕਰ ਸਾਡਾ *ਉਪਯੋਗਤਾ* ਸੇਵਾਵਾਂ *ਲਾਇਸੈਂਸ* ਮੁਅੱਤਲ ਹੋ ਜਾਂਦਾ ਹੈ, ਜਾਂ ਲਾਗੂ ਹੋਣਾ ਬੰਦ ਹੋ ਜਾਂਦਾ ਹੈ, ਅਤੇ ਅਸੀਂ ਲਾਗੂ *ਕਾਨੂੰਨ* ਦੇ ਅਧੀਨ *ਜਲ ਸੇਵਾਵਾਂ* ਅਤੇ *ਸੀਵਰੇਜ਼ ਸੇਵਾਵਾਂ* ਪ੍ਰਦਾਨ ਕਰਨ ਲਈ ਅਧਿਕਾਰਤ ਨਹੀਂ ਰਹਿੰਦੇ ਹਾਂ। |
| *ਕਾਨੂੰਨ ਪਾਲਣਾ* | 14.9 | ਇਹ ਇਕਰਾਰਨਾਮਾ ਆਸਟ੍ਰੇਲੀਅਨ ਕੈਪੀਟਲ ਟੈਰੀਟਰੀ ਦੇ *ਕਾਨੂੰਨਾਂ* ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। |

# ਅਨੁਸੂਚੀ 1 ਤੁਹਾਡੀ ਜਾਇਦਾਦ ਨੂੰ ਪ੍ਰਭਾਵਿਤ ਕਰਨ ਵਾਲੀਆਂ ਜ਼ਿੰਮੇਵਾਰੀਆਂ

## ਤੁਹਾਡੀ ਜਾਇਦਾਦ ਤੱਕ ਸਾਡੀ ਪਹੁੰਚ

ਸਾਡੇ *ਯੰਤਰਾਂ* ਤੱਕ ਪਹੁੰਚ

1.1 ਤੁਹਾਡੇ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਸਾਡੇ ਕਰਮਚਾਰੀਆਂ, ਠੇਕੇਦਾਰਾਂ ਅਤੇ ਏਜੰਟਾਂ ਕੋਲ ਮੀਟਰ ਦੀ ਰੀਡਿੰਗ ਲੈਣ, ਜਾਂਚ ਕਰਨ, ਬਦਲਣ ਜਾਂ ਮੁਰੰਮਤ ਕਰਨ ਲਈ ਪਾਣੀ ਦੇ ਮੀਟਰ ਤੱਕ ਬਗ਼ੈਰ ਰੁਕਾਵਟ ਪਹੁੰਚ ਹੋਵੇ, ਨਾਲ ਹੀ ਤੁਹਾਡੀ ਜ਼ਮੀਨ 'ਤੇ ਸਾਡੇ ਕਿਸੇ ਵੀ ਹੋਰ ਬੁਨਿਆਦੀ ਢਾਂਚੇ ਤੱਕ ਬਗ਼ੈਰ ਰੁਕਾਵਟ ਪਹੁੰਚ ਹੋਵੇ।

ਬਗ਼ੈਰ ਕਿਸੇ ਹੱਦ ਤੋਂ, ਤੁਹਾਡੇ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਬਨਸਪਤੀ ਅਤੇ ਲੈਂਡਸਕੇਪਿੰਗ (ਸਾਜ਼ੋ-ਸਜਾਵਟ) ਤੁਹਾਡੀ ਜ਼ਮੀਨ 'ਤੇ ਸਾਡੇ ਬੁਨਿਆਦੀ ਢਾਂਚੇ ਤੱਕ ਪਹੁੰਚ ਵਿੱਚ ਰੁਕਾਵਟ ਨਾ ਪਵੇ।

ਐਮਰਜੈਂਸੀ ਨੂੰ ਛੱਡ ਕੇ, ਸਾਡੇ *ਯੰਤਰਾਂ* ਦੀ ਮੁਰੰਮਤ ਕਰਨ ਜਾਂ ਬਦਲਣ ਲਈ ਸਾਨੂੰ ਤੁਹਾਨੂੰ ਘੱਟੋ-ਘੱਟ 7 ਦਿਨਾਂ ਦਾ ਲਿਖਤੀ ਨੋਟਿਸ ਦੇਣਾ ਲਾਜ਼ਮੀ ਹੈ। ਐਮਰਜੈਂਸੀ ਵਿੱਚ ਜਾਂ ਮੀਟਰ ਰੀਡ ਕਰਨ ਲਈ ਜ਼ਮੀਨ ਵਿੱਚ ਦਾਖਲ ਹੋਣ ਲਈ ਨੋਟਿਸ ਦੀ ਲੋੜ ਨਹੀਂ ਹੈ।

1.2 ਜੇਕਰ ਤੁਸੀਂ ਇਹ ਪਹੁੰਚ ਪ੍ਰਦਾਨ ਨਹੀਂ ਕਰਦੇ ਹੋ, ਤਾਂ ਨਤੀਜੇ ਵਜੋਂ ਤੁਹਾਨੂੰ ਆਪਣੀ ਜਾਇਦਾਦ 'ਤੇ ਲੋੜੀਂਦੀਆਂ ਹੋਰ ਹਾਜ਼ਰੀਆਂ ਦੇ ਵਾਜਬ ਖ਼ਰਚਿਆਂ ਦਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।

1.3 ਤੁਹਾਡੀ ਜ਼ਮੀਨ 'ਤੇ ਮੀਟਰ ਜਾਂ ਸਾਡੇ ਹੋਰ *ਯੰਤਰਾਂ* ਤੱਕ ਪਹੁੰਚ ਬੰਦ ਕਰਨ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸਾਡੀਆਂ ਲੋੜਾਂ ਦੇ ਵੇਰਵਿਆਂ ਲਈ 6248 3111 (ਵਿਕਲਪ 3) 'ਤੇ ਸਾਡੀ ਪੁੱਛਗਿੱਛ ਲਾਈਨ ਨਾਲ ਸੰਪਰਕ ਕਰਨਾ ਚਾਹੀਦਾ ਹੈ।

*ਤੁਹਾਡੀ ਜਾਇਦਾਦ 'ਤੇ ਸਾਡੇ ਕਰਮਚਾਰੀ*

1.4 ਤੁਹਾਡਾ ਸਾਨੂੰ ਇਨ੍ਹਾਂ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ:

(a) ਤੁਹਾਡੀ ਜਾਇਦਾਦ 'ਤੇ ਸਥਿਤ ਕਿਸੇ ਵੀ ਖ਼ਤਰੇ ਦੀ ਮੌਜੂਦਗੀ (ਜਿਵੇਂ ਕਿ ਵੱਡਾ ਕੁੱਤਾ ਜਾਂ ਖ਼ਤਰਨਾਕ ਮਸ਼ੀਨਰੀ); ਅਤੇ

(b) ਉਹ ਸਾਵਧਾਨੀਆਂ ਜੋ ਉਸ ਖ਼ਤਰੇ ਤੋਂ ਬਚਣ ਲਈ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

1.5 ਉਦਯੋਗਿਕ ਜਾਇਦਾਦਾਂ ਲਈ, ਤੁਹਾਨੂੰ ਸਾਡੇ ਕਰਮਚਾਰੀਆਂ, ਠੇਕੇਦਾਰਾਂ ਅਤੇ ਏਜੰਟਾਂ ਨੂੰ ਸੰਬੰਧਿਤ ਕੰਮ ਦੀ ਸਿਹਤ ਅਤੇ ਸੁਰੱਖਿਆ ਲੋੜਾਂ ਦੇ ਅਨੁਸਾਰ ਸੁਰੱਖਿਅਤ ਕੰਮ ਕਰਨ ਦੀਆਂ ਸਥਿਤੀਆਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

## ਸਾਡਾ ਬੁਨਿਆਦੀ ਢਾਂਚਾ

*ਤੁਹਾਡੀ ਜਾਇਦਾਦ 'ਤੇ ਸਾਡੇ ਯੰਤਰ*

1.6 ਤੁਹਾਨੂੰ ਲਾਜ਼ਮੀ ਕਰਨਾ ਪਵੇਗਾ:

(a) ਤੁਹਾਡੀ ਜਾਇਦਾਦ 'ਤੇ ਸਥਾਪਿਤ ਸਾਡੇ *ਯੰਤਰਾਂ* ਨੂੰ ਅਣ-ਅਧਿਕਾਰਤ ਦਖ਼ਲ ਦਿੱਤੇ ਜਾਣ ਤੋਂ ਬਚਾਉਣ ਲਈ ਉਚਿਤ ਕੋਸ਼ਿਸ਼ਾਂ ਦੀ ਵਰਤੋਂ ਕਰਨੀ; ਅਤੇ

(b) ਤੁਹਾਡੇ ਇਸ ਬਾਰੇ ਜਾਣੂ ਹੋਣ ਦੇ *5 ਕਾਰੋਬਾਰੀ ਦਿਨਾਂ* ਦੇ ਅੰਦਰ ਕਿਸੇ ਵੀ ਦਿੱਤੇ ਦਖ਼ਲ, ਨੁਕਸ ਜਾਂ ਨੁਕਸਾਨ ਬਾਰੇ ਸਾਨੂੰ ਸੂਚਿਤ ਕਰਨਾ।

1.7 ਤੁਹਾਨੂੰ ਬੇਨਤੀ ਕਰਨ 'ਤੇ, ਤੁਹਾਡੀ ਜਾਇਦਾਦ 'ਤੇ ਲੱਗੇ ਸਾਡੇ *ਯੰਤਰਾਂ* ਦੀ ਮੁਰੰਮਤ ਜਾਂ ਬਦਲਣ ਦੀ ਵਾਜਬ ਕੀਮਤ ਦਾ ਭੁਗਤਾਨ ਕਰਨਾ ਲਾਜ਼ਮੀ ਹੈ, ਜੇਕਰ ਉਹ ਨੁਕਸ ਜਾਂ ਨੁਕਸਾਨ ਹੋਇਆ ਸੀ:

(a) ਤੁਹਾਡੇ ਕਾਰਨ; ਜਾਂ

(b) ਕਿਸੇ ਹੋਰ ਵਿਅਕਤੀ ਦੁਆਰਾ ਉਹਨਾਂ ਹਾਲਾਤਾਂ ਵਿੱਚ ਹੋਇਆ ਜਿੱਥੇ ਤੁਸੀਂ ਇਸਨੂੰ ਰੋਕਣ ਲਈ ਉਚਿਤ ਦੇਖਭਾਲ ਕਰਨ ਵਿੱਚ ਨਾਕਾਮ ਰਹੇ।

*ਸਾਡੇ ਨੈੱਟਵਰਕ ਦੀ ਸੁਰੱਖਿਆ*

1.8 ਤੁਹਾਨੂੰ, ਬਗ਼ੈਰ ਕਿਸੇ ਵਾਜਬ ਬਹਾਨੇ ਦੇ, ਕੋਈ ਵੀ ਖੋਰਨ ਵਾਲੀ, ਘਸਾਊ, ਭਾਰੀ ਜਾਂ ਹਾਨੀਕਾਰਕ ਸਮੱਗਰੀ ਜਾਂ ਅਜਿਹਾ ਪਦਾਰਥ ਜੋ *ਜਲ ਨੈੱਟਵਰਕ* ਜਾਂ *ਸੀਵਰੇਜ਼ ਨੈੱਟਵਰਕ* ਨੂੰ ਨੁਕਸਾਨ ਪਹੁੰਚਾ ਸਕਦਾ ਹੈ ਜਾਂ ਉਹਨਾਂ ਦੇ ਸੁਰੱਖਿਅਤ ਜਾਂ ਕੁਸ਼ਲ ਸੰਚਾਲਨ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ਉਸਨੂੰ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਦੇ ਕਿਸੇ ਭੂਮੀਗਤ ਹਿੱਸੇ ਦੇ ਉੱਪਰ ਜਾਂ ਨੇੜੇ ਨਹੀਂ ਰੱਖਣਾ ਚਾਹੀਦਾ ਹੈ।

1.9 ਤੁਹਾਨੂੰ ਲਾਜ਼ਮੀ ਤੌਰ 'ਤੇ ਬਗ਼ੈਰ ਕਿਸੇ ਵਾਜਬ ਬਹਾਨੇ ਦੇ ਨੈੱਟਵਰਕਾਂ 'ਤੇ ਖੁਦਾਈ ਜਾਂ ਹੋਰ ਕੰਮ ਕਰਨ ਦੁਆਰਾ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਹੈ, ਜਾਂ ਕਿਸੇ ਨੈੱਟਵਰਕ ਸਹੂਲਤ ਵਿੱਚ ਦਾਖ਼ਲ ਨਹੀਂ ਹੋਣਾ ਚਾਹੀਦਾ ਹੈ।

*ਰੁਕਾਵਟਾਂ*

1.10 ਤੁਸੀਂ ਇਨ੍ਹਾਂ ਲਈ ਜ਼ਿੰਮੇਵਾਰ ਹੋ:

(a) ਤੁਹਾਡੀ ਜਾਇਦਾਦ 'ਤੇ ਡ੍ਰੇਨਾਂ ਨੂੰ ਚੰਗੀ ਮੁਰੰਮਤ ਕੀਤੀ ਹਾਲਤ ਵਿੱਚ ਰੱਖਣ ਅਤੇ ਕਿਸੇ ਵੀ ਰੁਕਾਵਟ ਨੂੰ ਸਾਫ਼ ਕਰਨ ਲਈ;

(b) ਤੁਹਾਡੇ *ਯੰਤਰਾਂ* ਜਾਂ *ਕੁਨੈਕਸ਼ਨ ਬਿੰਦੂ* 'ਤੇ ਪਈਆਂ ਰੁਕਾਵਟਾਂ ਕਾਰਨ *ਜਲ ਨੈੱਟਵਰਕ ਅਤੇ ਸੀਵਰੇਜ਼ ਨੈੱਟਵਰਕ* ਨੂੰ ਹੋਏ ਨੁਕਸਾਨ ਦੀ ਮੁਰੰਮਤ ਦੀ ਲਾਗਤ ਦਾ ਭੁਗਤਾਨ ਕਰਨ ਲਈ; ਅਤੇ

(c) *ਸਾਡੀਆਂ ਸੁਵਿਧਾ ਸ਼ਰਤਾਂ* ਦੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਜੇਕਰ ਤੁਹਾਡੀ ਜਾਇਦਾਦ ਦਾ ਜ਼ਮੀਨੀ ਪੱਧਰ ਨਜ਼ਦੀਕੀ ਚੱਲਦੀ ਮੈਨਹੋਲ ਕਵਰ ਤੋਂ 500mm ਤੋਂ ਵੱਧ ਉਚਾਈ 'ਤੇ ਨਹੀਂ ਹੈ।

## ਨਿਰਮਾਣ ਕੰਮ ਜੋ ਤੁਸੀਂ ਕਰ ਰਹੇ ਹੋ

*ਨਿਰਮਾਣ ਕੰਮ*

1.11 ਆਪਣੀ ਜਾਇਦਾਦ 'ਤੇ ਕਿਸੇ ਵੀ ਨਿਰਮਾਣ ਕੰਮ ਨੂੰ ਪੂਰਾ ਕਰਨ ਜਾਂ ਅਧਿਕਾਰਤ ਕਰਨ ਤੋਂ ਪਹਿਲਾਂ, ਤੁਹਾਨੂੰ:

(a) ਇਹ ਸਥਾਪਿਤ ਕਰਨਾ ਚਾਹੀਦਾ ਹੈ ਕਿ ਕੀ ਤੁਹਾਡੀ ਜਾਇਦਾਦ 'ਤੇ (ਜਾਂ ਨੇੜੇ) ਸਾਡਾ ਕੋਈ *ਯੰਤਰ* ਹੈ ਅਤੇ ਯਕੀਨੀ ਬਣਾਓ ਕਿ ਤੁਹਾਡਾ ਡਿਜ਼ਾਈਨ, ਯੋਜਨਾਬੱਧ ਬਣਤਰ ਅਤੇ ਕੋਈ ਵੀ ਬਦਲਿਆ ਹੋਇਆ ਜ਼ਮੀਨੀ ਪੱਧਰ ਉਸ *ਯੰਤਰ* ਜਾਂ ਇਸ ਤੱਕ ਸਾਡੀ ਪਹੁੰਚ ਜਾਂ *ਜਲ ਨੈੱਟਵਰਕ ਜਾਂ ਸੀਵਰੇਜ਼ ਨੈੱਟਵਰਕ* ਦੇ ਸੁਰੱਖਿਅਤ ਅਤੇ ਕੁਸ਼ਲ ਸੰਚਾਲਨ ਵਿੱਚ ਦਖ਼ਲ ਨਹੀਂ ਦਿੰਦਾ ਹੈ;

(b) 1100 'ਤੇ ਆਪਣੀ ਜਾਇਦਾਦ 'ਤੇ ਜਾਂ ਨੇੜੇ ਲੱਗੇ ਸਾਡੇ *ਯੰਤਰਾਂ* ਦੇ ਚਿੱਤਰ (ਜੇ ਕੋਈ ਹੈ ਤਾਂ) ਲਈ " ਬਿਫ਼ੋਰ ਯੂ ਡਿੱਗ" ਨੂੰ ਫ਼ੋਨ ਕਰਨਾ ਚਾਹੀਦਾ ਹੈ;

(c) ਤੁਹਾਨੂੰ ਉਸ *ਯੰਤਰ* ਦੀ ਸਹੀ ਸਥਿਤੀ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਅਤੇ ਜੇਕਰ ਇਸ ਬਾਰੇ ਸ਼ੱਕ ਹੈ ਕਿ ਕਿਵੇਂ ਅੱਗੇ ਵਧਣਾ ਹੈ ਤਾਂ ਸਲਾਹ ਲੈਣੀ ਚਾਹੀਦੀ ਹੈ; ਅਤੇ

(d) ਸਾਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਨੈੱਟਵਰਕ ਡਾਇਗ੍ਰਾਮ ਅਤੇ ਜੋ ਤੁਸੀਂ ਆਪਣੀ ਜ਼ਮੀਨ 'ਤੇ (ਜਾਂ ਨੇੜੇ) ਲੱਭਦੇ ਹੋ ਉਸ ਵਿਚਕਾਰ ਕੋਈ ਅਸਮਾਨਤਾ ਹੈ।

1.12 ਇਹ ਜਾਂਚਾਂ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿਉਂਕਿ ਸਾਡੇ ਰਿਕਾਰਡ ਸਿਰਫ਼ ਸੰਕੇਤਕ ਹਨ ਅਤੇ ਮਾਪ (ਲੰਬਾਈ-ਚੌੜਾਈ) ਵਿਸਤਾਰ ਨਹੀਂ ਦਿਖਾਉਂਦੇ ਹਨ। ਤੁਹਾਨੂੰ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਇਹ ਲਾਜ਼ਮੀ ਨਹੀਂ ਹੈ ਕਿ ਪਾਈਪਾਂ ਜ਼ਮੀਨ ਵਿੱਚ ਸਿੱਧੀਆਂ ਲਾਈਨਾਂ ਵਿੱਚ ਚੱਲਣ।

*ਈਜ਼ਮੈਂਟ ਅਤੇ ਸੁਰੱਖਿਅਤ ਥਾਂ*

1.13 ਤੁਹਾਨੂੰ ਲਾਜ਼ਮੀ ਤੌਰ 'ਤੇ:

(a) ਸਾਡੀ ਪਹਿਲਾਂ ਤੋਂ ਲਈ ਗਈ ਲਿਖਤੀ ਸਹਿਮਤੀ ਤੋਂ ਬਗ਼ੈਰ, ਸਾਡੇ ਬੁਨਿਆਦੀ ਢਾਂਚੇ, ਜਾਂ ਕਿਸੇ ਵੀ *ਈਜ਼ਮੈਂਟ, ਪ੍ਰਸਤਾਵਿਤ ਈਜ਼ਮੈਂਟ ਜਾਂ ਉਪਯੋਗਤਾ ਬੁਨਿਆਦੀ ਢਾਂਚੇ ਜਾਂ ਸੁਰੱਖਿਅਤ ਥਾਂ* ਉੱਤੇ ਨਿਰਮਾਣ ਨਹੀਂ ਕਰਨਾ ਚਾਹੀਦਾ ਜਾਂ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ;

(b) ਅਜਿਹੇ ਦਰੱਖਤ (ਜਾਂ ਬੂਟੇ ਜਾਂ ਪੌਦੇ ਜਿਨ੍ਹਾਂ ਨੂੰ ਆਸਾਨੀ ਨਾਲ ਹਟਾਇਆ ਨਹੀਂ ਜਾ ਸਕਦਾ) ਨਹੀਂ ਲਗਾਉਣੇ ਚਾਹੀਦੇ ਹਨ ਜੋ ਕਿਸੇ *ਈਜ਼ਮੈਂਟ* ਜਾਂ *ਉਪਯੋਗਤਾ ਬੁਨਿਆਦੀ ਢਾਂਚੇ ਜਾਂ ਸੁਰੱਖਿਅਤ ਥਾਂ* ਵਿੱਚ ਪੱਸਰਦੇ ਹਨ; ਜਾਂ

(c) ਸਾਡੇ ਬੁਨਿਆਦੀ ਢਾਂਚੇ ਤੱਕ ਸਾਡੀ ਪਹੁੰਚ ਨੂੰ ਨਹੀਂ ਰੋਕਣਾ ਚਾਹੀਦਾ ਹੈ।

ਸਾਡੀਆਂ ਸੁਵਿਧਾ ਸ਼ਰਤਾਂ ਦੇ ਤਹਿਤ ਇਹ ਵੀ ਹੱਦਾਂ ਹਨ ਕਿ ਤੁਸੀਂ ਸਾਡੇ ਬੁਨਿਆਦੀ ਢਾਂਚੇ ਜਾਂ ਆਪਣੀ ਜਾਇਦਾਦ 'ਤੇ ਮੌਜੂਦ *ਈਜ਼ਮੈਂਟ* ਦੇ ਕਿੰਨੇ ਨੇੜੇ ਜਾਂ 'ਤੇ ਨਿਰਮਾਣ ਕਰ ਸਕਦੇ ਹੋ।

1.14 ਤੁਸੀਂ ਰਜਿਸਟਰਾਰ-ਜਨਰਲ ਦੇ ਦਫ਼ਤਰ ਜਾਂ ਹੋਰ ਸੰਬੰਧਿਤ ACT ਸਰਕਾਰੀ ਏਜੰਸੀ ਤੋਂ ਟਾਈਟਲ ਖੋਜ ਅਤੇ ਜਮ੍ਹਾਂ ਯੋਜਨਾ ਦੀ ਕਾਪੀ ਲੈਣ ਦੀ ਬੇਨਤੀ ਕਰਕੇ ਆਪਣੀ ਜਾਇਦਾਦ 'ਤੇ ਮੌਜੂਦ *ਈਜ਼ਮੈਂਟਾਂ* ਦੇ ਵੇਰਵੇ ਪ੍ਰਾਪਤ ਕਰ ਸਕਦੇ ਹੋ। ਕੁੱਝ ਬੁਨਿਆਦੀ ਢਾਂਚਾ *ਈਜ਼ਮੈਂਟਾਂ* ਵਿੱਚ ਸਥਿਤ ਨਹੀਂ ਹੈ ਪਰ ਫਿਰ ਵੀ ਇਹ *ਯੂਟੀਲਿਟੀਜ਼ (ਟੈਕਨੋਲੋਜੀ ਰੈਗੂਲੇਸ਼ਨ) ਐਕਟ* 2014 ਦੀ ਧਾਰਾ 31 ਅਧੀਨ ਸੁਰੱਖਿਅਤ ਹਨ।

# ਅਨੁਸੂਚੀ 2 ਇਸ ਇਕਰਾਰਨਾਮੇ ਵਿੱਚ ਵਰਤੇ ਗਏ ਸ਼ਬਦ ਅਤੇ ਵਾਕਾਂਸ਼

| ਸ਼ਬਦ | ਮਤਲਬ |
|---|---|
| *ACAT* | ਦਾ ਮਤਲਬ ਹੈ ACT ਸਿਵਲ ਅਤੇ ਪ੍ਰਸ਼ਾਸਕੀ ਟ੍ਰਿਬਿਊਨਲ ਜੋ ਕਿ ACT ਵਿੱਚ ਉਪਯੋਗਤਾ ਸੇਵਾਵਾਂ ਲਈ ਖ਼ਪਤਕਾਰ ਸੁਰੱਖਿਆ ਅਤੇ ਸਲਾਹਕਾਰ ਸੰਸਥਾ ਹੈ, ਜਾਂ ਇਸਦਾ ਕੋਈ ਉੱਤਰਾਧਿਕਾਰੀ ਹੈ। |
| *ਮਾਨਤਾ ਪ੍ਰਾਪਤ* | ਦਾ ਮਤਲਬ ਹੈ ਕਿ *ਆਈਕਨ ਵਾਟਰ* ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਏਜੰਸੀ ਦੁਆਰਾ ਕੰਟੈਸਟੇਬਲ ਵਰਕ ਐਕਰੀਡੇਸ਼ਨ ਕੋਡ ਦੇ ਤਹਿਤ ਮਾਨਤਾ ਪ੍ਰਾਪਤ, ਜਾਂ *ਉਸਾਰੀ ਕਿੱਤਿਆਂ (ਲਾਈਸੈਂਸਿੰਗ) ਐਕਟ 2004* ਦੇ ਅਧੀਨ ਲਾਇਸੈਂਸਸ਼ੁਦਾ। |
| *ਮਾਨਤਾ ਪ੍ਰਾਪਤ ਸੇਵਾ ਪ੍ਰਦਾਤਾ* | ਵਾਟਰ ਐਂਡ ਸੀਵਰੇਜ ਟੈਕਨੀਕਲ ਕੋਡ ਵਿੱਚ ਦਿੱਤੇ ਗਏ ਅਰਥ ਦੇ ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ। |
| *ActewAGL ਰਿਟੇਲ* | ActewAGL ਰਿਟੇਲ ABN 46 221 314 841 AGL ACT ਰਿਟੇਲ ਇਨਵੈਸਟਮੈਂਟਸ Pty Ltd ABN 53 093 631 586 ਅਤੇ Icon Retail Investments Limited ABN 23 074 371 207 ਦੀ ਭਾਈਵਾਲੀ ਹੈ। |
| *ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ* | *ਦਾ ਮਤਲਬ ਮੁਕਾਬਲਾ ਅਤੇ ਖ਼ਪਤਕਾਰ ਐਕਟ 2010 ਦੀ ਅਨੁਸੂਚੀ 2 ਵਿੱਚ ਆਸਟ੍ਰੇਲੀਆਈ ਖ਼ਪਤਕਾਰ ਕਾਨੂੰਨ ਹੈ* |
| *ਕੰਮਕਾਜੀ ਦਿਨ* | ਸ਼ਨੀਵਾਰ, ਐਤਵਾਰ ਜਾਂ ACT ਵਿਚਲੀ ਸਰਕਾਰੀ ਛੁੱਟੀ ਤੋਂ ਇਲਾਵਾ ਕੋਈ ਹੋਰ ਦਿਨ |
| *ਕੁਨੈਕਸ਼ਨ ਬਿੰਦੂ* | ਦਾ ਮਤਲਬ ਹੈ *ਜਲ ਅਤੇ ਸੀਵਰੇਜ ਨੈੱਟਵਰਕ ਅਤੇ ਤੁਹਾਡੇ ਉਪਕਰਨ ਦੇ ਵਿਚਕਾਰ ਦੀ ਸੀਮਾ, ਜਿਵੇਂ ਕਿ ਵਾਟਰ ਅਤੇ ਸੀਵਰੇਜ ਨੈੱਟਵਰਕ ਸੀਮਾ ਕੋਡ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਜਾਂ ਜਲ ਅਤੇ ਸੀਵਰੇਜ ਟੈਕਨੀਕਲ ਕੋਡ ਦੇ ਸ਼ੁਰੂ ਹੋਣ 'ਤੇ ਜਾਂ ਉਸ ਤੋਂ ਬਾਅਦ ਮੰਜ਼ੂਰ ਕੀਤੇ ਨਵੇਂ ਕਨੈਕਸ਼ਨਾਂ ਲਈ, ਜਿਵੇਂ ਕਿ ਇਹ ਸ਼ਬਦ ਉਸ ਕੋਡ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਾਂ ਜਿਵੇਂ ਕਿ ਤੁਹਾਡੇ ਨਾਲ ਲਿਖਤ ਰੂਪ ਵਿੱਚ ਸਹਿਮਤੀ ਹੋਈ ਹੈ।* |
| *ਖ਼ਪਤਕਾਰ ਗਾਰੰਟੀ* | ਦਾ ਮਤਲਬ ਧਾਰਾ 12.1 ਵਿੱਚ ਉਸ ਸ਼ਬਦ ਨੂੰ ਦਿੱਤਾ ਗਿਆ ਅਰਥ ਹੈ। |
| *ਈਜ਼ਮੈਂਟ* | ਦਾ ਮਤਲਬ ਹੈ 'ਸਰਵਿਸ ਰਿਜ਼ਰਵੇਸ਼ਨ' ਅਤੇ 'ਈਜ਼ਮੈਂਟ ਇਨ ਗ੍ਰੋਸ' ਸਮੇਤ, ਪਾਣੀ ਜਾਂ ਸੀਵਰੇਜ਼ ਦੀ ਈਜ਼ਮੈਂਟ ਦੇ ਤੌਰ 'ਤੇ ਤੁਹਾਡੀ ਜਾਇਦਾਦ ਦੇ ਸਿਰਲੇਖ 'ਤੇ ਰਜਿਸਟਰ ਕੀਤੀ ਕੋਈ ਵੀ ਚੀਜ਼, ਜਾਂ ਜਮ੍ਹਾ ਕੀਤੀ ਯੋਜਨਾ 'ਤੇ ਦਿਖਾਈ ਗਈ ਕੋਈ ਵੀ ਚੀਜ਼ ਹੈ; ਜੋ *ਸਾਡੇ ਯੰਤਰ* ਦੀ ਹੋਂਦ ਨੂੰ ਦਰਸਾ ਸਕਦੇ ਹਨ (ਪਰ ਹਮੇਸ਼ਾ ਨਹੀਂ) |
| *ਯੰਤਰ* | ਪਾਣੀ ਦੀਆਂ ਪਾਈਪਾਂ ਅਤੇ ਸੀਵਰੇਜ਼ ਪਾਈਪਾਂ, ਮੀਟਰਿੰਗ ਉਪਕਰਨ ਅਤੇ ਹੋਰ ਪਾਣੀ ਅਤੇ ਸੀਵਰੇਜ਼ ਬੁਨਿਆਦੀ ਢਾਂਚਾ ਅਤੇ ਉਪਕਰਨ ਸ਼ਾਮਲ ਹਨ। |
| *ਫਲੱਸ਼ਿੰਗ ਫਿਕਸਚਰ* | ਦਾ ਉਹੀ ਮਤਲਬ ਹੈ ਜੋ *ਖ਼ਰਚਿਆ ਦੀ ਅਨੁਸੂਚੀ* ਵਿੱਚ ਦਿੱਤਾ ਗਿਆ ਹੈ |
| *ਸਰਕਾਰ ਜਾਂ ਅਥਾਰਟੀ* | ਕਾਮਨਵੈਲਥ ਆਫ਼ ਆਸਟ੍ਰੇਲੀਆ, ਕੋਈ ਵੀ ਆਸਟ੍ਰੇਲੀਅਨ ਰਾਜ ਜਾਂ ਟੈਰੀਟਰੀ ਜਾਂ ਕੋਈ ਸਥਾਨਕ ਸਰਕਾਰ, ਅਤੇ ਕਿਸੇ ਵੀ ਮੰਤਰੀ, ਵਿਭਾਗ, ਵਿਧਾਨਕ ਅਥਾਰਟੀ, ਕਾਰਪੋਰੇਸ਼ਨ ਜਾਂ ਏਜੰਸੀ (*ICRC ਸਮੇਤ*) ਜਿਸ ਕੋਲ ਕਿਸੇ ਪਾਰਟੀ 'ਤੇ ਅਧਿਕਾਰ ਖੇਤਰ ਅਤੇ ਅਧਿਕਾਰ ਹੈ। |
| *ਆਈਕਨ ਪਾਣੀ (ਅਸੀਂ, ਸਾਡਾ, ਸਾਡੇ, ਸਾਡੀਆਂ)* | ਆਈਕਨ ਵਾਟਰ ਲਿਮਿਟਡ ABN 86 069 381 960. |
| *ICRC* | ਨਿਰਪੱਖ ਮੁਕਾਬਲਾ ਅਤੇ ਰੈਗੂਲੇਟਰੀ ਕਮਿਸ਼ਨ, ਜੋ ਕਿ ਮੁਕਾਬਲੇ ਅਤੇ ਕੀਮਤ ਲਈ ACT ਵਿੱਚ ਰੈਗੂਲੇਟਰ ਹੈ। |
| *ਵਿਆਜ਼* | ਕਿਸੇ ਅਵਧੀ ਲਈ ਵਿਆਜ ਦਾ ਮਤਲਬ ਹੈ *ਅਦਾਲਤੀ ਪ੍ਰਕਿਰਿਆ ਨਿਯਮ 2006* ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਿਤ ਕੀਤੇ ਗਏ, ਉਸ ਮਿਆਦ ਲਈ ਅਰਜ਼ੀ ਦੇਣ ਵਾਲੇ ਫ਼ੈਸਲੇ ਤੋਂ ਬਾਅਦ ਦੇ ਵਿਆਜ ਲਈ ਸੁਪਰੀਮ ਕੋਰਟ ਦੀਆਂ ਵਿਆਜ ਦਰਾਂ ਦੇ ਅਨੁਸਾਰ ਗਣਨਾ ਕੀਤੀ ਗਈ ਰਕਮ। |

| | |
|---|---|
| *ਕਾਨੂੰਨ* | *ਯੂਟੀਲਿਟੀਜ਼ ਐਕਟ 2000, ਯੂਟੀਲਿਟੀਜ਼ (ਟੈਕਨੋਲੋਜੀ ਰੈਗੂਲੇਸ਼ਨ) ਐਕਟ 2014*, ਕੋਈ ਵੀ ਲਾਗੂ ਬਾਜ਼ਾਰ, ਉਦਯੋਗ ਜਾਂ ਤਕਨੀਕੀ ਜਾਬਤਾ, *ਸਾਡੀਆਂ ਸੁਵਿਧਾ ਸ਼ਰਤਾਂ*, ਸਾਡੇ *ਸਪਲਾਇਰ ਦਾ ਲਾਇਸੈਂਸ* ਅਤੇ ਕੋਈ ਹੋਰ ਲਿਖਤੀ ਕਾਨੂੰਨ, ਰੈਗੂਲੇਸ਼ਨ, ਆਰਡੀਨੈਂਸ, ਜਾਬਤਾ ਜਾਂ ਹੋਰ ਕਾਨੂੰਨ, ਭਾਵੇਂ ਟੈਰੀਟਰੀ, ਰਾਜ ਜਾਂ ਫੈਡਰਲ, ਕਿਸੇ ਵੀ *ਸਰਕਾਰ ਜਾਂ ਅਥਾਰਟੀ* ਦੁਆਰਾ ਜਾਇਜ਼ ਤੌਰ 'ਤੇ ਕੀਤੇ ਗਏ ਕਿਸੇ ਵੀ ਕਨੂੰਨੀ ਤੌਰ 'ਤੇ ਲਾਗੂ ਹੋਣ ਯੋਗ ਫ਼ੈਸਲੇ, ਫ਼ਰਮਾਨ, ਹੁਕਮ, ਘੋਸ਼ਣਾ, ਆਰਡਰ, ਆਦੇਸ਼ ਜਾਂ ਹੋਰ ਸਮਾਨ ਘੋਸ਼ਣਾ ਸ਼ਾਮਿਲ ਹੈ। |
| ***ਮੀਟਰਿੰਗ ਉਪਕਰਨ*** | *ਦਾ ਅਰਥ ਵਾਟਰ ਐਂਡ ਸੀਵਰੇਜ ਟੈਕਨੀਕਲ ਕੋਡ ਵਿੱਚ ਦਿੱਤਾ ਗਿਆ ਹੈ।* |
| *ਫੁਟਕਲ ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ* | ਪਾਣੀ ਦੀਆਂ ਸੇਵਾਵਾਂ ਅਤੇ ਸੀਵਰੇਜ਼ ਸੇਵਾਵਾਂ ਨਾਲ ਜੁੜੀਆਂ ਫੁਟਕਲ ਸੇਵਾਵਾਂ ਲਈ *ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ*, ਸਾਡੇ ਦੁਆਰਾ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਸਮੇਂ-ਸਮੇਂ 'ਤੇ ਲਾਗੂ ਹੁੰਦੀ ਹੈ। |
| *ਨਾ-ਪੀਣਯੋਗ ਪਾਣੀ* | ਦਾ ਮਤਲਬ ਉਹ ਪਾਣੀ ਹੈ ਜੋ ਮਨੁੱਖੀ ਖ਼ਪਤ ਲਈ ਨਹੀਂ ਹੈ ਅਤੇ ਹੋ ਸਕਦਾ ਹੈ ਕਿ ਪਬਲਿਕ ਹੈਲਥ (ਡਰਿੰਕਿੰਗ ਵਾਟਰ) ਕੋਡ ਆਫ਼ ਪ੍ਰੈਕਟਿਸ 2007 ਦੀਆਂ ਸ਼ਰਤਾਂ ਨੂੰ ਪੂਰਾ ਨਾ ਕਰੇ। |
| *ਆਮ ਘਰੇਲੂ ਗੰਦਾ ਪਾਣੀ*<br>*ਅਤੇ ਆਮ ਘਰੇਲੂ ਮਾਤਰਾ* | ਸਾਡੇ ਦੁਆਰਾ ਸਮੇਂ-ਸਮੇਂ 'ਤੇ ਪ੍ਰਕਾਸ਼ਿਤ ਤਰਲ ਰਹਿੰਦ-ਖੂੰਹਦ ਦੀ ਸਵੀਕ੍ਰਿਤੀ ਨੀਤੀ ਅਤੇ ਦਿਸ਼ਾ-ਨਿਰਦੇਸ਼ਾਂ ਵਿੱਚ ਦਿੱਤੇ ਗਏ ਅਰਥ ਹਨ। |
| *ਸਾਡਾ* | *ਆਈਕਨ ਵਾਟਰ* |
| *ਪ੍ਰਸਤਾਵਿਤ ਈਜ਼ਮੈਂਟ* | ਕਾਨੂੰਨ ਵਿੱਚ ਦਿੱਤੇ ਗਏ ਅਰਥ ਹੀ ਹਨ। ਯੋਜਨਾਬੰਦੀ (ਵਿਕਾਸ-ਰਹਿਤ) ਰੈਗੂਲੇਸ਼ਨ 2023। |
| *ਰਿਹਾਇਸ਼ੀ ਜਾਇਦਾਦ* | ਖ਼ਪਤਕਾਰ ਸੁਰੱਖਿਆ ਜਾਬਤੇ ਵਿੱਚ ਦਿੱਤੇ ਗਏ ਅਰਥ ਹਨ। |
| *ਖ਼ਰਚਿਆਂ ਦੀ ਅਨੁਸੂਚੀ* | *ਪਾਣੀ ਦੀਆਂ ਸੇਵਾਵਾਂ* ਅਤੇ *ਸੀਵਰੇਜ਼ ਸੇਵਾਵਾਂ* ਲਈ *ਫ਼ੀਸਾਂ ਅਤੇ ਖ਼ਰਚਿਆਂ ਦੀ ਅਨੁਸੂਚੀ*, ਸਾਡੇ ਦੁਆਰਾ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਸਮੇਂ-ਸਮੇਂ 'ਤੇ ਲਾਗੂ ਹੁੰਦੀ ਹੈ। |
| *ਸੇਵਾ ਅਤੇ ਸਥਾਪਨਾ ਨਿਯਮ* | ਪਾਣੀ ਅਤੇ ਸੀਵਰੇਜ਼ ਸੁਵਿਧਾ ਅਤੇ ਸਥਾਪਨਾ ਲਈ ਸਮੇਂ-ਸਮੇਂ 'ਤੇ ਸਾਡੇ ਦੁਆਰਾ ਪ੍ਰਕਾਸ਼ਿਤ ਨਿਯਮ। |
| *ਸੀਵਰੇਜ਼ ਨੈੱਟਵਰਕ* | *ਯੂਟੀਲਿਟੀਜ਼ ਐਕਟ 2000* ਦੀ ਧਾਰਾ 14 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ACT ਸੀਵਰੇਜ਼ ਨੈੱਟਵਰਕ। |
| *ਸੀਵਰੇਜ਼ ਸੇਵਾਵਾਂ* | *ਮਤਲਬ ਯੂਟੀਲਿਟੀਜ਼ ਐਕਟ 2000* ਦੀ ਧਾਰਾ 13 ਵਿੱਚ ਸੂਚੀਬੱਧ ਹੇਠ ਲਿਖੀਆਂ ਉਪਯੋਗਤਾ ਸੇਵਾਵਾਂ, ਵਪਾਰਕ ਰਹਿੰਦ-ਖੂੰਹਦ ਨੂੰ ਨਿਕਾਸ ਕਰਨ ਦੀਆਂ ਸੇਵਾਵਾਂ ਤੋਂ ਇਲਾਵਾ (*ਭਾਵ ਸਾਧਾਰਨ ਘਰੇਲੂ ਮਾਤਰਾ ਵਿੱਚ ਆਮ ਘਰੇਲੂ ਰਹਿੰਦ-ਖੂੰਹਦ ਤੋਂ ਇਲਾਵਾ ਕੁੱਝ ਵੀ*):<br>(a) ਸੀਵਰੇਜ਼ ਕੁਨੈਕਸ਼ਨ ਸੇਵਾਵਾਂ ਦੇ ਪ੍ਰਬੰਧ ਲਈ ਸੀਵਰੇਜ਼ ਨੈੱਟਵਰਕ ਉਪਲਬਧ ਕਰਵਾਉਣਾ;<br>(b) ਇੱਕ ਸੀਵਰੇਜ਼ ਕੁਨੈਕਸ਼ਨ ਸੇਵਾ;<br>(c) ਇੱਕ ਸੀਵਰੇਜ਼ ਸੇਵਾ। |
| *ਸੁਵਿਧਾ ਸ਼ਰਤਾਂ* | ਦਾ ਮਤਲਬ ਹੈ *ਸੇਵਾ ਅਤੇ ਸਥਾਪਨਾ ਨਿਯਮ* ਜਦੋਂ ਤੱਕ ਇਨ੍ਹਾਂ ਨਿਯਮਾਂ ਨੂੰ ਪਾਣੀ ਅਤੇ ਸੀਵਰੇਜ ਟੈਕਨੀਕਲ ਕੋਡ ਦੇ ਅਧੀਨ ਸੁਵਿਧਾ ਸ਼ਰਤਾਂ ਦੁਆਰਾ ਬਦਲਿਆ ਨਹੀਂ ਜਾਂਦਾ ਹੈ ਅਤੇ ਉਸ ਸਮੇਂ ਤੋਂ, ਇਸਦਾ ਅਰਥ ਪਾਣੀ ਅਤੇ ਸੀਵਰੇਜ ਟੈਕਨੀਕਲ ਕੋਡ ਵਿੱਚ ਪਰਿਭਾਸ਼ਿਤ ਸੁਵਿਧਾ ਸ਼ਰਤਾਂ ਤੋਂ ਹੁੰਦਾ ਹੈ। |

| | |
|---|---|
| *ਸਾਨੂੰ* | *ਆਈਕਨ ਵਾਟਰ* |
| *ਉਪਯੋਗਤਾ ਬੁਨਿਆਦੀ ਢਾਂਚਾ ਜਾਂ ਸੁਰੱਖਿਅਤ ਥਾਂ* | *ਕਾਨੂੰਨ* ਵਿੱਚ ਦਿੱਤਾ ਹੋਇਆ ਅਰਥ ਹੀ ਹੈ। ਯੋਜਨਾਬੰਦੀ (ਵਿਕਾਸ ਰਹਿਤ) ਨਿਯਮ 2023 ਦੇਖੋ। ਸੁਵਿਧਾ ਸ਼ਰਤਾਂ *ਦੇਖੋ।* |
| *ਉਪਯੋਗਤਾ ਸੇਵਾਵਾਂ ਦਾ ਲਾਇਸੈਂਸ* | *ਯੂਟੀਲਿਟੀਜ਼ ਐਕਟ 2000* ਦੇ ਤਹਿਤ ਜਾਰੀ ਕੀਤੇ ਗਏ *ਜਲ ਨੈੱਟਵਰਕ ਅਤੇ ਸੀਵਰੇਜ਼ ਨੈੱਟਵਰਕ* ਰਾਹੀਂ *ਪਾਣੀ ਦੀਆਂ ਸੇਵਾਵਾਂ* ਪ੍ਰਦਾਨ ਕਰਨ ਅਤੇ *ਸੀਵਰੇਜ਼ ਸੇਵਾਵਾਂ* ਪ੍ਰਦਾਨ ਕਰਨ ਲਈ ਸਾਡਾ ਲਾਇਸੈਂਸ ਜਾਂ ਲਾਇਸੈਂਸ। |
| ਜਲ ਨੈੱਟਵਰਕ | *ਯੂਟੀਲਿਟੀਜ਼ ਐਕਟ 2000* ਦੀ ਧਾਰਾ 12 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ACT ਜਲ ਨੈੱਟਵਰਕ। |
| ਪਾਣੀ ਦੀ ਸੁਵਿਧਾ (*ਪਾਣੀ ਦੀਆਂ ਸੇਵਾਵਾਂ*) | ਮਤਲਬ *ਯੂਟੀਲਿਟੀਜ਼ ਐਕਟ 2000* ਦੀ ਧਾਰਾ 11 ਵਿੱਚ ਸੂਚੀਬੱਧ ਹੇਠ ਲਿਖੀਆਂ ਉਪਯੋਗਤਾ ਸੇਵਾਵਾਂ; ਰੀਸਾਈਕਲ ਕੀਤੇ (ਜਾਂ "ਨਾ-ਪੀਣਯੋਗ") ਪਾਣੀ ਦੀ ਸਪਲਾਈ ਤੋਂ ਇਲਾਵਾ:<br>(a) ਪਾਣੀ ਦੇ ਨੈੱਟਵਰਕ ਰਾਹੀਂ ਵੰਡਣ ਲਈ ਪਾਣੀ ਇਕੱਠਾ ਕਰਨਾ ਅਤੇ ਇਲਾਜ, ਜਾਂ ਦੋਵੇਂ;<br>(b) ਪਾਣੀ ਦੇ ਕੁਨੈਕਸ਼ਨ ਦੀਆਂ ਸੇਵਾਵਾਂ ਦੇ ਪ੍ਰਬੰਧ ਲਈ ਪਾਣੀ ਦਾ ਨੈੱਟਵਰਕ ਉਪਲਬਧ ਕਰਵਾਉਣਾ;<br>(c) ਪਾਣੀ ਦੇ ਨੈੱਟਵਰਕ ਰਾਹੀਂ ਪਾਣੀ ਦੀ ਵੰਡ;<br>(d) ਪਾਣੀ ਕੁਨੈਕਸ਼ਨ ਸੇਵਾ;<br>(e) ਪਾਣੀ ਦੇ ਨੈੱਟਵਰਕ ਤੋਂ ਪਾਣੀ ਦੀ ਖ਼ਪਤ ਲਈ ਜਾਇਦਾਦਾਂ ਤੱਕ ਸਪਲਾਈ। |
| *ਵਾਟਰ ਐਂਡ ਸੀਵਰੇਜ ਟੈਕਨੀਕਲ ਕੋਡ* | ਦਾ ਮਤਲਬ ਹੈ ਯੂਟਿਲਿਟੀਜ਼ (ਟੈਕਨੀਕਲ ਰੈਗੂਲੇਸ਼ਨ) (ਪਾਣੀ ਅਤੇ ਸੀਵਰੇਜ ਟੈਕਨੀਕਲ ਕੋਡ) ਮੰਨਜ਼ੂਰੀ 2023। |
| *ਅਸੀਂ* | *ਆਈਕਨ ਵਾਟਰ* |
| *ਤੁਹਾਡੇ ਯੰਤਰ* | ਤੁਹਾਡੇ ਕੁਨੈਕਸ਼ਨ ਬਿੰਦੂ ਤੋਂ ਤੁਹਾਡੇ ਜਾਇਦਾਦ ਦੇ ਪਾਸੇ ਵੱਲ ਦੀਆਂ ਪਾਣੀ ਦੀਆਂ ਪਾਈਪਾਂ ਅਤੇ ਸੀਵਰੇਜ ਦੀਆਂ ਪਾਈਪਾਂ ਅਤੇ ਸੰਬੰਧਿਤ ਯੰਤਰ ਜਿਸ ਵਿੱਚ ਸ਼ਾਵਰ, ਟੂਟੀਆਂ, ਟਾਇਲਟ ਸਿਸਟਰਨ ਅਤੇ ਅੰਦਰੂਨੀ ਜਾਂ ਛੱਤ ਵਾਲੇ ਗਰਮ ਪਾਣੀ ਦੇ ਸਿਸਟਮ ਸ਼ਾਮਲ ਹਨ। |

ਇਸ ਇਕਰਾਰਨਾਮੇ ਵਿੱਚ:

ਇਕਵਚਨ ਵਿੱਚ ਬਹੁਵਚਨ ਸ਼ਾਮਲ ਹਨ ਅਤੇ ਬਹੁਵਚਨ ਵਿੱਚ ਇਕਵਚਨ ਸ਼ਾਮਲ ਹਨ;

ਇਕਰਾਰਨਾਮੇ, ਜਾਬਤੇ ਜਾਂ ਕਿਸੇ ਹੋਰ ਦਸਤਾਵੇਜ਼ ਦੇ ਸੰਦਰਭ ਵਿੱਚ ਉਹਨਾਂ ਦੀ ਕੋਈ ਇਕਸਾਰਤਾ, ਸੋਧ, ਤਬਦੀਲੀ ਜਾਂ ਬਦਲਾਅ ਸ਼ਾਮਲ ਹੈ;

ਕਿਸੇ ਕਾਨੂੰਨ, ਆਰਡੀਨੈਂਸ, ਜਾਬਤਾ ਜਾਂ ਹੋਰ ਕਾਨੂੰਨ ਦਾ ਹਵਾਲਾ, ਜਿਸ ਵਿੱਚ ਕਾਨੂੰਨ ਸ਼ਾਮਲ ਹੁੰਦਾ ਹੈ, ਇਸ ਦੇ ਅਧੀਨ ਨਿਯਮ ਅਤੇ ਹੋਰ ਦਸਤਾਵੇਜ਼ ਸ਼ਾਮਲ ਹੁੰਦੇ ਹਨ ਅਤੇ ਇਸ ਵਿੱਚ ਸਾਰੇ ਏਕੀਕਰਨ, ਸੋਧਾਂ, ਮੁੜ-ਕਾਨੂੰਨ ਬਣਾਉਣ ਜਾਂ ਬਦਲਾਅ ਸ਼ਾਮਲ ਹੁੰਦੇ ਹਨ;

ਇਸ ਇਕਰਾਰਨਾਮੇ ਵਿੱਚ ਨਾਮ ਦਿੱਤੇ ਜਾਬਤੇ ਦਾ ਹਵਾਲਾ ਉਸ ਨਾਮ ਦੇ ਜਾਬਤੇ ਦਾ ਹਵਾਲਾ ਹੈ, ਜਿਵੇਂ ਕਿ ਸਮੇਂ-ਸਮੇਂ 'ਤੇ ਸੰਸ਼ੋਧਿਤ ਕੀਤਾ ਗਿਆ ਹੈ, *ਯੂਟੀਲਿਟੀਜ਼ ਐਕਟ 2000 ਜਾਂ ਯੂਟੀਲਿਟੀਜ਼ (ਟੈਕਨੋਲੋਜੀ ਰੈਗੂਲੇਸ਼ਨ) ਐਕਟ 2014*, ਜਿਵੇਂ ਵਿਸ਼ੇ ਦੀ ਲੋੜ ਹੈ;

**ਵਿਅਕਤੀ** ਸ਼ਬਦ ਵਿੱਚ ਇੱਕ ਕੰਪਨੀ, ਬਾਡੀ ਕਾਰਪੋਰੇਟ, ਬਾਡੀ ਰਾਜਨੀਤਕ, ਗ਼ੈਰ-ਸੰਗਠਿਤ ਐਸੋਸੀਏਸ਼ਨ ਜਾਂ ਅਥਾਰਟੀ ਸ਼ਾਮਲ ਹਨ;

ਕਿਸੇ ਵਿਅਕਤੀ ਦਾ ਹਵਾਲਾ ਉਸ ਵਿਅਕਤੀ ਵੱਲੋਂ ਆਗਿਆ ਦਿੱਤੇ ਗਏ ਉੱਤਰਾਧਿਕਾਰੀ, ਬਦਲ (ਸਮੇਤ, ਬਿਨਾਂ ਕਿਸੇ ਸੀਮਾ ਦੇ, ਨਵੀਨਤਾ ਦੁਆਰਾ ਲੈਣ ਵਾਲੇ ਵਿਅਕਤੀ) ਅਤੇ ਸਪੁਰਦਗੀ ਸ਼ਾਮਲ ਹੁੰਦੇ ਹਨ;

ਜੇਕਰ ਕੋਈ ਘਟਨਾ ਕਿਸੇ ਨਿਰਧਾਰਤ ਦਿਨ 'ਤੇ ਵਾਪਰਦੀ ਹੈ ਜੋ ਕਿ ਕੋਈ *ਕੰਮਕਾਜੀ ਦਿਨ* ਨਹੀਂ ਹੈ, ਤਾਂ ਨਿਰਧਾਰਤ ਦਿਨ ਨੂੰ ਅਗਲੇ *ਕੰਮਕਾਜੀ ਦਿਨ* ਵਜੋਂ ਲਿਆ ਜਾਵੇਗਾ;

ਜੇਕਰ ਸਮੇਂ ਦੀ ਮਿਆਦ ਨਿਰਧਾਰਤ ਕੀਤੀ ਗਈ ਹੈ ਅਤੇ ਕਿਸੇ ਦਿੱਤੇ ਦਿਨ ਜਾਂ ਕਿਸੇ ਕਾਰਵਾਈ ਜਾਂ ਘਟਨਾ ਦੇ ਦਿਨ ਤੋਂ ਹੈ, ਤਾਂ ਇਹ ਉਸ ਦਿਨ ਤੋਂ ਇਲਾਵਾ ਗਿਣਿਆ ਜਾਣਾ ਹੈ;

ਇੱਕ ਦਿਨ ਦਾ ਹਵਾਲਾ ਅੱਧੀ ਰਾਤ ਨੂੰ ਸ਼ੁਰੂ ਹੋਣ ਅਤੇ 24 ਘੰਟਿਆਂ ਬਾਅਦ ਖ਼ਤਮ ਹੋਣ ਵਾਲੇ ਸਮੇਂ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ;

**ਸਮੇਤ, ਸ਼ਾਮਲ ਹਨ, ਜਿਵੇਂ ਕਿ ਅਤੇ ਖ਼ਾਸ ਤੌਰ 'ਤੇ** ਉਹਨਾਂ ਸ਼ਬਦਾਂ ਦੀ ਸਾਧਾਰਨਤਾ ਨੂੰ ਸੀਮਤ ਨਹੀਂ ਕਰਦੇ ਹਨ ਜੋ ਉਹਨਾਂ ਤੋਂ ਪਹਿਲਾਂ ਹਨ ਜਾਂ ਜਿਹਨਾਂ ਦਾ ਉਹ ਹਵਾਲਾ ਦਿੰਦੇ ਹਨ; ਅਤੇ

ਸਿਰਲੇਖ ਅਤੇ ਫੁਟਨੋਟ ਸਹੂਲਤ ਲਈ ਸ਼ਾਮਲ ਕੀਤੇ ਗਏ ਹਨ ਅਤੇ ਇਸ ਇਕਰਾਰਨਾਮੇ ਦੀ ਵਿਆਖਿਆ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

---///---